# ਕਾਨੂੰਨੀ ਸਮਰੱਥਾ, ਫ਼ੈਸਲੇ ਲੈਣ ਦੀ ਪ੍ਰਕਿਰਿਆ ਹੈ, ਅਤੇ ਸਰਪਰਸਤੀ

ਕਾਰਜਕਾਰੀ ਸਾਰ

ਮਾਰਚ 2017



LCO
CDO
LAW COMMISSION OF ONTARIO
COMMISSION DU DROIT DE L'ONTARIO

# ਕਾਰਜਕਾਰੀ ਸਾਰ

## ਭੂਮਿਕਾ

ਇਹ ਓਨਟਾਰਓਿ ਵੱਿਚ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ 'ਤੇ ਲੌ ਕਮੀਸ਼ਨ ਆਫ ਓਨਟਾਰਓਿ (ਐਲਸੀਓ) ਦੀ ਅੰਤਮਿ ਰਪਿੋਰਟ ਦਾ ਕਾਰਜਕਾਰੀ ਸਾਰ ਹੈ। ਅੰਤਮਿ ਰਪਿੋਰਟ ਵੱਿਚ ਕਾਨੂੰਨ ਦੇ ਇਸ ਵਆਿਪਕ ਪ੍ਰਭਾਵਾਂ ਵਾਲੇ ਅਤੇ ਮਹੱਤਵਪੂਰਨ ਖੇਤਰ ਵੱਿਚ ਪ੍ਰਾਂਤੀਏ ਕਾਨੂੰਨਾਂ, ਨੀਤੀਆਂ ਅਤੇ ਅਮਲਾਂ ਬਾਰੇ ਐਲਸੀਓ ਦਾ ਵਸ਼ਿਲੇਸ਼ਣ ਅਤੇ ਸ਼ਫਿਾਰਸ਼ਾਂ ਸ਼ਾਮਲ ਹਨ।

ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨਾਂ ਦਾ ਇੱਕ ਵਅਿਕਤੀ ਦੇ ਜੀਵਨ ਵੱਿਚ ਕੁਝ ਸਭ ਤੋਂ ਮਹੱਤਵਪੂਰਨ ਅਤੇ ਨੀਜੀ ਕਾਨੂੰਨੀ ਫੈਸਲਆਿਂ ਅਤੇ ਚੋਣਾਂ ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਉਹ ਵਅਿਕਤੀ ਜਨਿਾਂ ਦਾ ਨਰਿਧਾਰਨ ਕਾਨੂੰਨੀ ਸਮਰੱਥਾ ਦੀ ਕਮੀ ਵਾਲੇ ਵਅਿਕਤੀਆਂ ਦੀ ਤਰ੍ਹਾਂ ਕੀਤਾ ਗਆਿ ਹੈ ਆਪਣੀ ਨਜ਼ਿੀ ਦੇਖਭਾਲ, ਉਨ੍ਹਾਂ ਦੀ ਪੂੰਜੀ, ਉਨ੍ਹਾਂ ਦੇ ਰਹਾਇਸ਼ੀ ਇੰਤਜਾਮਾਂ, ਜਾਂ ਅਜਹਿ ਬਹੁਤ ਸਾਰੇ ਦੂਸਰੇ ਫੈਸਲੇ ਕਰਨ ਦਾ ਹੱਕ ਗੁਆ ਸਕਦੇ ਹਨ ਜਹਿੜੇ ਸਾਡੇ ਵੱਿਚੋਂ ਹਰ ਵਅਿਕਤੀ ਰੋਜ਼ ਕਰਦਾ ਹੈ।

ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨ ਹਰ ਰੋਜ਼ ਹਜ਼ਾਰਾਂ ਓਨਟਾਰਅਿਨਜ਼ ਅਤੇ ਉਨ੍ਹਾਂ ਦੇ ਪਰਵਿਾਰਾਂ ਨੂੰ ਪ੍ਰਭਾਵਤਿ ਕਰਦੇ ਹਨ। ਸਭ ਤੋਂ ਸ਼ਪਸ਼ਟ ਤੌਰ ਤੇ, ਇਹ ਕਾਨੂੰਨ ਉਨ੍ਹਾਂ ਲਗਭਗ 17,000 ਓਨਟਾਰਅਿਨਜ਼ ਨੂੰ ਪ੍ਰਭਾਵਤਿ ਕਰਦੇ ਹਨ ਜੋ ਇਸ ਸਮੇਂ ਤੇ ਕਸਿੀ ਕਸਿਮ ਦੇ ਸਰਪ੍ਰਸਤੀ ਹੁਕਮ ਹੇਠ ਹਨ ਜਾਂ ਉਹ ਹਜ਼ਾਰਾਂ ਦੂਸਰੇ ਜਨਿਾਂ ਦੀ ਸਮਰੱਥਾ ਦਾ ਮੁਲਾਂਕਣ ਸਹਿਤ ਦੇਖਭਾਲ ਇਲਾਜਾਂ ਲਈ ਸਹਮਿਤੀ ਪ੍ਰਾਪਤ ਕਰਨ ਦੇ ਹੱਸਿੇ ਵਜੋਂ, ਲੌਂਗ-ਟਰਮ ਕੇਅਰ ਹੋਮ ਵੱਿਚ ਰਹਾਇਸ਼ ਲਈ ਦਾਖਲੇ ਲਈ, ਜਾਂ ਬਹੁਤ ਸਾਰੀਆਂ ਹੋਰ ਸੇਵਾਵਾਂ ਮੁਹੱਈਆ ਕਰਵਾਏ ਜਾਣ ਦੇ ਹੱਸਿੇ ਵਜੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਹਰ ਓਨਟਾਰਅਿਨ ਜਸਿ ਨੇ ਪਾਵਰ ਆਫ ਅਟੌਰਨੀ ਦੱਿਤਾ ਹੈ ਜਾਂ ਜਸਿ ਨੂੰ ਇਹ ਦੱਿਤਾ ਗਆਿ ਹੈ ਕਾਨੂੰਨ ਦੇ ਇਸ ਖੇਤਰ ਦੁਆਰਾ ਪ੍ਰਭਾਵਤਿ ਹੁੰਦਾ ਹੈ।

ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨ ਵਚਿਲੇ ਕੁਝ ਸਭ ਤੋਂ ਡੂੰਘੇ ਅਤੇ ਮਹੱਤਵਪੂਰਨ ਮੁੱਦਆਿਂ ਬਾਰੇ ਗੱਲ ਕਰਦੇ ਹਨ। ਇਹ ਇੱਕ ਵਅਿਕਤੀ ਦੀ ਨਜ਼ਿੀ ਸੁਤੰਤਤਾ, ਵਅਿਕਤੀ ਦੇ ਚੋਣਾਂ ਕਰਨ ਅਤੇ ਜੋਖਮ ਉਠਾਉਣ ਦੇ ਹੱਕ, ਫੈਸਲੇ ਕਰਨ ਲਈ ਜਵਾਬਦੇਹੀ, ਅਤੇ ਇੱਕ ਵਅਿਕਤੀ ਦੀ ਖੁਦਮੁਖਤਆਿਰੀ ਅਤੇ ਉਸਦੀ ਸੁਰੱਖਆਿ ਅਤੇ ਹਫਿਾਜਤ ਵੱਿਚ ਸੰਤੁਲਨ ਬਾਰੇ ਸਵਾਲਾਂ ਅਤੇ ਵਵਿਾਦਾਂ ਨਾਲ ਓਤਪੋਤ ਹੈ। ਇਹ ਕਾਨੂੰਨ ਕੁਝ ਸਭ ਤੋਂ ਨਕਿਟਵਰਤੀ ਅਤੇ ਨੇੜੇ ਦੇ ਨਜ਼ਿੀ ਰਸ਼ਿਤਆਿਂ ਬਾਰੇ ਵੀ ਗੱਲ ਕਰਦਾ ਹੈ।

ਅੰਤਮਿ ਰਪਿੋਰਟ ਲਗਭਗ ਤੀਹ ਸਾਲਾਂ ਵੱਿਚ ਇਸ ਖੇਤਰ ਵੱਿਚ ਓਨਟਾਰਓਿ ਦੇ ਕਾਨੂੰਨੀ ਢਾਂਚੇ ਦਾ ਸਭ ਤੋਂ ਵਆਿਪਕ ਵਸ਼ਿਲੇਸ਼ਣ ਹੈ। ਅੰਤਮਿ ਰਪਿੋਰਟ ਓਨਟਾਰਓਿ ਵੱਿਚ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਦਾ ਪ੍ਰਬੰਧ ਕਰਨ ਵਾਲੇ ਉਦੇਸ਼ਾਂ, ਪਾਲਸੀਆਂ, ਬਣਤਰਾਂ, ਕਾਨੂੰਨੀ ਸਾਧਨਾਂ ਅਤੇ ਵਧਿੀਆਂ ਦਾ ਮੁਲਾਂਕਣ ਕਰਦੀ ਹੈ। ਅੰਤਮਿ ਰਪਿੋਰਟ ਸਫਿਾਰਸ਼ਾਂ ਕਰਦੀ ਹੈ ਜਹਿੜੀਆਂ ਵਰਤਮਾਨ ਸਮੇਂ ਦੇ ਸਸਿਟਮ ਦੀਆਂ ਤਾਕਤਾਂ ਤੇ ਅਗੇ ਕੰਮ ਕਰਦੀਆਂ ਹਨ ਅਤੇ ਜਥਿ ਲੋੜ ਹੋਏ ਖੇਤਰਾਂ ਨੂੰ ਸੁਧਾਰਦੀ ਹੈ। ਐਲਸੀਓ ਦੀਆਂ ਸਫਿਾਰਸ਼ਾਂ ਵਹਿਾਰਕ, ਪ੍ਰਾਪਤੀਯੋਗ ਹਨ ਅਤੇ ਇੰਨ੍ਹਾਂ ਤੋਂ ਪ੍ਰਾਂਤ ਭਰ ਵੱਿਚ ਪ੍ਰਭਾਵਤਿ ਵਅਿਕਤੀਆਂ, ਉਨ੍ਹਾਂ ਦੇ ਪਰਵਿਾਰਾਂ, ਸੰਸਥਾਵਾਂ ਅਤੇ ਸੇਵਾ ਪ੍ਰਦਾਨ ਕਰਨ ਵਾਲਆਿਂ ਨੂੰ ਲਾਭ ਹੋਣਾ ਚਾਹੀਦਾ ਹੈ।

## ਦ ਲੌ ਕਮੀਸ਼ਨ ਆਫ ਓਨਟਾਰਓਿ

ਐਲਸੀਓ ਓਨਟਾਰਓਿ ਦੀ ਕਾਨੂੰਨੀ ਸੁਧਾਰ ਦੀ ਆਗੂ ਏਜੰਸੀ ਹੈ। ਐਲਸੀਓ ਓਨਟਾਰਓਿ ਦੇ ਸਭ ਤੋਂ ਗੁੰਝਲਦਾਰ ਅਤੇ ਕਾਨੂੰਨੀ ਨੀਤੀ ਦੇ ਦੂਰ ਤੱਕ ਅਸਰ ਵਾਲੇ ਮੁੱਦਆਿਂ ਬਾਰੇ ਸੁਤੰਤਰ, ਸੰਤੁਲਤਿ ਅਤੇ ਪ੍ਰਮਾਣਕਿ ਸਲਾਹ ਮੁਹੱਈਆ ਕਰਦੀ ਹੈ। ਐਲਸੀਓ ਨਰਿਪੱਖ, ਪਾਰਦਰਸ਼ੀ ਅਤੇ ਵਸਿਤ੍ਰਤਿ ਢੰਗ ਨਾਲ ਕਾਨੂੰਨਾਂ ਦੀ ਪੜਤਾਲ ਕਰਦੀ ਹੈ।

ਐਲਸੀਓ ਦਾ ਕੰਮ ਕਾਨੂੰਨੀ ਵਸ਼ਿਲੇਸ਼ਣ; ਕਈ ਸਾਰੇ ਵਸ਼ਿਆਂ ਵੱਚਿ ਖੋਜ; ਜਨਤਕ ਸਲਾਹ ਮਸ਼ਵਰਿਆਂ; ਸਮਾਜਕ, ਜਨਸੰਖਿਆ ਸੰਬੰਧੀ ਅਤੇ ਆਰਥਕਿ ਹਾਲਾਤਾਂ; ਅਤੇ ਤਕਨਾਲੋਜੀ ਦੇ ਅਸਰ ਦੁਆਰਾ ਸੂਚਤਿ ਹੈ।

ਐਲਸੀਓ ਦੀਆਂ ਰਪਿੋਰਟਾਂ ਵੱਚਿ ਵਿਆਪਕ ਸਲਾਹ ਮਸ਼ਵਰਿਆਂ ਦੁਆਰਾ ਸੂਚਤਿ ਅਤੇ ਪਾਰਦਰਸ਼ੀ, ਵਿਆਪਕ ਸਮੀਖਿਆ ਪਰਕਰਿਆਿ ਜੋ ਕਿ ਵਿਆਪਕ ਰੇਂਜ ਦੇ ਵਅਿਕਤੀਆਂ, ਮਾਹਰਾਂ ਅਤੇ ਸੰਸਥਾਵਾਂ ਨੂੰ ਰੁਝਾਉਂਦੀ ਹੈ, ਰਾਹੀ ਜਾਂਚੀਆਂ ਗਈਆਂ ਸਧਿਾਂਤਾਂ ਵਾਲੀਆਂ, ਵਹਿਾਰਕਿ, “ਸਮੱਸਿਆਵਾਂ ਨੂੰ ਸੁਲਝਾਉਣ ਵਾਲੀਆਂ” ਸਫਿਾਰਸ਼ਾਂ ਸ਼ਾਮਲ ਹਨ। ਐਲਸੀਓ ਅਧਕਿਾਰਹੀਣ ਭਾਈਚਾਰਿਆਂ ਅਤੇ ਦੂਸਰਿਆਂ ਨੂੰ ਆਵਾਜ਼ ਦਦਿੀ ਹੈ ਜਨਿ੍ਹਾਂ ਦੀ ਕਾਨੂੰਨ ਨੂੰ ਸੁਧਾਰਨ ਸੰਬੰਧੀ ਬਹਸਿਾਂ ਅਤੇ ਚਰਚਾਵਾਂ ਵੱਚਿ ਮਹੱਤਵਪੂਰਨ ਭੂਮਕਿਾ ਹੋਣੀ ਚਾਹੀਦੀ ਹੈ।

ਇਸ ਪ੍ਰਾਜੈਕਟ ਅਤੇ ਐਲਸੀਓ ਬਾਰੇ ਹੋਰ ਜਾਣਕਾਰੀ www.lco-cdo.org ਤੇ ਐਲਸੀਓ ਦੀ ਵੈੱਬਸਾਇਟ ਤੇ ਉਪਲਬਧ ਹੈ।

## ਕਾਨੂੰਨ ਵੱਚਿ ਸੁਧਾਰ ਅਤੇ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ

ਕਾਨੂੰਨੀ ਸਮਰੱਥਾ, ਫੈਸਲੇ ਕਰਨ ਅਤੇ ਸਰਪ੍ਰਸਤੀ ਲਈ ਓਨਟਾਰੀਓ ਦੀ ਵਰਤਮਾਨ ਹਕੂਮਤ 1980ਆਂ ਦੇ ਆਖਰੀ ਤੋਂ 1990ਆਂ ਦੇ ਸ਼ੁਰੂਆਤੀ ਸਾਲਾਂ ਤੱਕ ਚਲੱਣ ਵਾਲੀ ਕਾਨੂੰਨ ਦੀ ਵਿਆਪਕ ਅਤੇ ਸੋਚਵਾਨ ਸੁਧਾਰ ਸੰਬੰਧੀ ਕੋਸ਼ਸ਼ਿ ਦੇ ਨਤੀਜੇ ਵਜੋਂ ਹੋਂਦ ਵੱਚਿ ਆਈ।

ਕਾਨੂੰਨੀ ਸਮਰੱਥਾ, ਫੈਸਲੇ ਕਰਨ ਅਤੇ ਸਰਪ੍ਰਸਤੀ ਲਈ ਓਨਟਾਰੀਓ ਦੀ ਵਧਿਾਨਕ ਹਕੂਮਤ ਤਨਿ ਕਾਨੂੰਨਾਂ ਵੱਚਿ ਲਖਿੀ ਹੋਈ ਹੈ : ਦ ਸਬਸਟੀਟਯੂਟ ਡਸਿਸ਼ਿਨਜ਼ ਐਕਟ, 1992 (ਐਸਡੀਏ), ਦ ਹੈਲਥ ਕੇਅਰ ਕੰਨਸੈਂਟ ਐਕਟ, 1996 ((ਐਚਸੀਸੀਏ), ਅਤੇ ਘੱਟ ਹਦ ਤੱਕ, ਦ ਮੈਂਟਲ ਹੈਲਥ ਐਕਟ (ਐਮ ਐਚਏ)। ਇਸ ਤੋਂ ਇਲਾਵਾ, ਇਸ ਕਾਨੂੰਨ ਨੂੰ ਲਾਗੂ ਕਰਨ ਵਾਸਤੇ ਬਣਾਈਆਂ ਗਈਆਂ ਅਣਗਣਿਤ ਨੀਤੀਆਂ, ਸੇਧਾਂ ਅਤੇ ਅਮਲ ਵੀ ਹਨ। ਇੰਨ੍ਹਾਂ ਕਾਨੂੰਨਾਂ ਅਤੇ ਨੀਤੀਆਂ ਦਾ ਸੰਚਾਲਨ ਸਰਕਾਰੀ ਮਨਸਿਟਰੀਆਂ, ਸਹਿਤ ਸੰਭਾਲ ਸੰਸਥਾਵਾਂ, ਕਮਊਿਨਟਿੀ ਏਜੰਸੀਆਂ ਪੇਸ਼ੇਵਰਾਂ, ਵੱਤਿੀ ਸੰਸਥਾਵਾਂ, ਆਦਾਲਤਾਂ ਅਤੇ ਟ੍ਰਾਈਬਊਿਨਲਾਂ, ਅਤੇ ਸੂਬੇ ਭਰ ਵੱਚਿ ਬਹੁਤ ਸਾਰੇ ਦੂਸਰੇ ਲੋਕਾਂ ਦੀ ਵਿਆਪਕ ਰੇਂਜ ਦੁਆਰਾ ਕੀਤਾ ਜਾਂਦਾ ਹੈ।

## ਵਚਿਾਰੇ ਗਏ ਮੁੱਦੇ

ਇਹ ਐਲਸੀਓ ਇਸ ਪ੍ਰਾਜੈਕਟ ਵੱਚਿ ਕਈ ਸਾਰੇ ਮਹੱਤਵਪੂਰਨ ਅਤੇ ਅਤਵਿਆਿਪੀ ਸਵਾਲਾਂ ਬਾਰੇ ਵਚਿਾਰ ਕਰਦੀ ਹੈ:

### ਕੀ ਸਿਸਟਮ ਸਮਕਾਲੀ ਕਾਨੂੰਨ ਅਤੇ ਕਦਰਾਂ ਨੂੰ ਝਲਕਾਉਂਦਾ ਹੈ?

ਮਹੱਤਵਪੂਰਨ ਅਤੇ ਵਿਆਪਕ ਪ੍ਰਭਾਵਾਂ ਵਾਲੀਆਂ ਕਈ ਚੋਣਾਂ ਓਨਟਾਰੀਓ ਦੇ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨਾਂ ਨੂੰ ਪ੍ਰੋਤਸਾਹਨ ਦਦਿੀਆਂ ਹਨ। ਓਨਟਾਰੀਓ ਦੇ ਅੰਦਰ ਅਤੇ ਬਾਹਰ ਦੋਵੇਂ, ਨਵੇਂ ਵਚਿਾਰ ਅਤੇ ਵਕਿਾਸ ਇੰਨਾਂ ਚੋਣਾਂ ਵੱਚੋਂ ਬਹੁਤ ਨੂੰ ਚੁਨੌਤੀ ਦਦਿੇ ਹਨ। ਉਦਾਹਰਣ ਲਈ, ਬਹੁਤ ਸਾਰੇ ਲੋਕ ਵਰਤਮਾਨ ਕਾਨੂੰਨ ਦੇ ਧਾਰਣਾ ਸੰਬੰਧੀ ਢਾਂਚੇ ਨਾਲ ਸਹਮਿਤ ਹਨ ਪਰ ਮੰਨਦੇ ਹਨ ਕਿ ਸਿਸਟਮ ਖੁਦਮੁਖਤਆਿਰੀ, ਸਮਾਜਕ ਸਮਲਿਨ, ਹੱਕਾਂ ਦੀ ਰੱਖਿਆ ਅਤੇ ਫੈਸਲੇ ਲੈਣ ਵੱਚਿ ਸਹਭਿਾਗਤਾ ਨੂੰ ਵਧਾਉਣ ਵਾਸਤੇ ਹੋਰ ਜ਼ਆਿਦਾ ਕਰ ਸਕਦਾ ਹੈ। ਦੂਸਰੇ ਓਨਟਾਰੀਓ ਦੇ ਸਬਸਟੀਟਯੂਟ ਫੈਸਲਾ ਕਰਨ ਵਾਲੇ ਮਾਡਲ ਦੀ ਮੁੜ ਕੇ ਬੁਨਆਿਦੀ ਜਾਂਚ ਕਰਨ ਲਈ ਬੇਨਤੀ ਕਰ ਰਹੇ ਹਨ। ਐਲਸੀਓ ਅੰਤਮਿ ਰਪਿੋਰਟ ਵੱਚਿ ਇੰਨਾਂ ਅਤੇ ਸੰਬੰਧਤ ਸਵਾਲਾਂ ਤੇ ਡੂੰਘਾਈ ਨਾਲ ਵਚਿਾਰ ਕਰਦੀ ਹੈ।

### ਕੀ ਸਿਸਟਮ ਸਮਕਾਲੀ ਲੋੜਾਂ ਨੂੰ ਝਲਕਾਉਂਦਾ ਹੈ?

ਪਛਿਲੇ ਕੁਝ ਸਾਲਾਂ ਵੱਚਿ, ਓਨਟਾਰਅਿਨਜ਼ ਨੇ ਇੰਨਾਂ ਕਾਨੂੰਨਾਂ ਦੁਆਰਾ ਪਰਭਾਵਤਿ ਵਅਿਕਤੀਆਂ, ਪਰਵਿਾਰਾਂ ਅਤੇ ਦੂਸਰੇ ਲੋਕਾਂ ਦੀਆਂ ਲੋੜਾਂ ਅਤੇ ਕਾਬਲੀਅਤਾਂ ਦੀਆਂ ਵਧਦੀਆਂ ਹੋਈਆਂ ਸੂਖਮ ਭੇਦ ਯੁਕਤ ਅਤੇ ਸੰਵੇਦਨਸ਼ੀਲ ਸਮਝਾਂ ਵਕਿਸਤ ਕਰ ਲਈਆਂ ਹਨ। ਅੰਤਮਿ ਰਪਿੋਰਟ ਵਚਿਾਰ ਕਰਦੀ ਹੈ ਜੇਕਰ ਓਨਟਾਰੀਓ ਵਚਿਲਾ ਸਿਸਟਮ

ਇੰਨਾਂ ਸਮਝਾਂ ਨੂੰ ਝਲਕਾਉਂਦਾ ਅਤੇ ਉਨ੍ਹਾਂ ਪ੍ਰਤੀ ਪ੍ਰਤਕਿਰਿਆ ਕਰਦਾ ਹੈ। ਐਲਸੀਓ ਲੋੜਾਂ ਤੇ ਸਧਿ ਤੌਰ ਤੇ ਪ੍ਰਭਾਵਤਿ ਵਅਿਕਤੀਆਂ, ਪਰਵਿਾਰਾਂ, ਸੇਵਾ ਪ੍ਰਦਾਨ ਕਰਨ ਵਾਲਆਿਂ ਅਤੇ ਪੇਸ਼ੇਵਰਾਂ ਅਤੇ ਦੂਸਰੇ ਲੋਕਾਂ ਸਮੇਤ ਕਈ ਸਾਰੇ ਨਜ਼ਰੀਆਂ ਤੋਂ ਵਚਿਾਰ ਕਰਦੀ ਹੈ। ਐਲਸੀਓ ਲੋੜਾਂ ਤੇ ਜਨਸੰਖਆਿ ਸੰਬਧੀ ਅਤੇ ਸਮਾਜਕ ਰੁਝਾਨਾਂ, ਪਰਵਿਾਰ ਦੀਆਂ ਬਦਲ ਰਹੀਆਂ ਬਣਤਰਾਂ ਅਤੇ ਓਨਟਾਰੀਓ ਦੀ ਸਭਆਿਚਾਰਕ ਅਤੇ ਭਾਸ਼ਾ ਸੰਬੰਧੀ ਵਵਿਧਿਤਾ ਦੇ ਸੰਬੰਧ ਵੱਚਿ ਵੀ ਵਚਿਾਰ ਕਰਦੀ ਹੈ।*करा॰त्तिल्कळि·ाळ्किऱतु॰.*

### ਕੀ ਸਸਿਟਮ ਜ਼ਮੀਨ ਤੇ ਕੰਮ ਕਰ ਰਹਿਾ ਹੈ?

ਐਲਸੀਓ ਦੀ ਅੰਤਮਿ ਰਪਿੋਰਟ ਓਨਟਾਰੀਓ ਦੇ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਸਸਿਟਮ ਦੇ ਵਧਿਾਨਕ ਢਾਂਚੇ ਅਤੇ ਉਦੇਸ਼ਾਂ ਬਾਰੇ ਡੂੰਘਾਈ ਨਾਲ ਚਰਚਾ ਕਰਦੀ ਹੈ। ਅੰਤਮਿ ਰਪਿੋਰਟ ਵਚਿਾਰ ਕਰਦੀ ਹੈ ਜੇਕਰ ਓਨਟਾਰੀਓ ਅਭਆਿਸ ਵੱਚਿ ਇੰਨਾਂ ਉਦੇਸ਼ਾਂ ਨੂੰ ਪ੍ਰਾਪਤ ਕਰ ਰਹਿਾ ਹੈ। ਦੂਸਰੇ ਸ਼ਬਦਾਂ ਵੱਚਿ, ਇਹ ਪ੍ਰਾਜੈਕਟ ਵਚਿਾਰ ਕਰਦਾ ਹੈ ਜੇਕਰ ਰਸਮੀ ਕਾਨੂੰਨ ਜਵਿੇਂ ਕ ਿਉਹ ਕਾਨੂੰਨਾਂ ਵੱਚਿ ਵਅਿਕਤ ਕੀਤਾ ਗਆਿ ਹੈ ਅਤੇ ਕਾਨੂੰਨਾਂ ਦੇ ਸਜੀਵ ਅਨੁਭਵ ਵੱਚਿ ਫਾਸਲਾ ਹੈ। “ਲਾਗੂ ਕਰਨ ਦੇ ਫਾਸਲੇ” ਨੂੰ ਸਮਝਣਾ ਅਤੇ ਸੰਬੋਧਤ ਕਰਨਾ ਅੰਤਮਿ ਰਪਿੋਰਟ ਵੱਚਿ ਇੱਕ ਮਹੱਤਵਪੂਰਨ ਵਸ਼ਿਾ ਹੈ।

### ਕੀ ਸਸਿਟਮ ਦੀਆਂ ਕਾਨੂੰਨੀ ਰੱਖਆਿਵਾਂ ਕਾਫ਼ੀ ਅਤੇ ਪਹੁੰਚਯੋਗ ਹਨ?

ਨਆਿਂ ਤੱਕ ਅਰਥਪੂਰਣ ਪਹੁੰਚ ਸਾਰੇ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਸਸਿਟਮ ਨੂੰ ਪ੍ਰੋਤਸਾਹਨ ਦਦਿੀ ਹੈ। ਲਹਿਾਜ਼ਾ ਝਗੜਆਿਂ ਨੂੰ ਸੁਲਝਾਉਣ ਅਤੇ ਹੱਕਾਂ ਨੂੰ ਲਾਗੂ ਕਰਨ ਲਈ ਪ੍ਰਭਾਵਸ਼ਾਲੀ ਅਤੇ ਉਚਤਿ ਢੰਗ ਅੰਤਮਿ ਰਪਿੋਰਟ ਵੱਚਿ ਪ੍ਰਾਥਮਕਿਤਾ ਹਨ।

## ਐਲਸੀਓ ਪਹੁੰਚ ਅਤੇ ਕਰਿਆਿ

ਅੰਤਮਿ ਰਪਿੋਰਟ ਵੱਚਿ ਐਲਸੀਓ ਦਾ ਵਸ਼ਿਲੇਸ਼ਣ ਅਤੇ ਸਫਿਾਰਸ਼ਾਂ ਸੁਤੰਤਰ, ਪ੍ਰਮਾਣਾਂ ਤੇ ਅਧਾਰਤ ਅਤੇ ਨਰਿਪੱਖ ਹਨ। ਇਸ ਪ੍ਰਾਜੈਕਟ ਤੇ ਖੋਜ ਅਤੇ ਸਲਾਹ ਮਸ਼ਵਰੇ ਐਲਸੀਓ ਦੇ ਇਤਹਿਾਸ ਵੱਚਿ ਸਭ ਤੋਂ ਵਸਿਤ੍ਰਤਿ ਅਤੇ ਜਟਲਿ ਸੀ। ਰਪਿੋਰਟ ਐਲਸੀਓ ਦੇ ਪਹਲਿਾਂ ਦੇ ਤਨਿ ਪ੍ਰਾਜੈਕਟ ਦ ਫਰੇਮਵਰਕ ਫਾਰ ਦ ਲੌ ਐਜ਼ ਇਟ ਅਫੈਕਟਸ ਓਲਡਰ ਅਡਲਟਸ , ਦ ਫਰੇਮਵਰਕ ਫਾਰ ਦ ਲੌ ਐਜ਼ ਇਟ ਅਫੈਕਟਸ ਪਰਸਨਜ਼ ਵਦਿ ਡਸਿਅਬਲਿਟੀਜ਼ ਅਤੇ ਐਲਸੀਓ ਦੀ ਹਾਲ ਹੀ ਵੱਚਿ ਪੂਰੀ ਕੀਤੀ ਗਈ ਕਪੈਸੇਟੀ ਐਂਡ ਲੀਗਲ ਰਪਿਰੇਜ਼ੇਨਟੇਸ਼ਨ ਫਾਰ ਦ ਫੈਡਰਲ ਆਰਡੀਐਸਪੀ ਤੇ ਅਗੇ ਕੰਮ ਕਰਦੀ ਅਤੇ ਉਸ ਨੂੰ ਅਗੇ ਵਧਾਉਂਦੀ ਹੈ।

ਐਲਸੀਓ ਪ੍ਰਾਜੈਕਟ ਦੇ ਸਲਾਹਕਾਰੀ ਗਰੁਪ; ਇਸ ਪ੍ਰਾਜੈਕਟ ਵੱਚਿ ਸ਼ਾਮਲ ਕਈ ਦਰਜਨ ਏਜੰਸੀਆਂ ਅਤੇ ਸੰਸਥਾਵਾਂ; ਪ੍ਰਾਜੈਕਟ ਦੇ ਕਮੀਸ਼ਨ ਕੀਤੇ ਗਏ ਖੋਜ ਪੇਪਰਾਂ ਦੇ ਲੇਖਕਾਂ; ਅਤੇ ਸਭ ਤੋਂ ਮਹੱਤਵਪੂਰਨ ਉਨ੍ਹਾਂ ਹਜ਼ਾਰਾਂ ਓਨਟਾਰਅਿਨਜ਼, ਜਨਿਾਂ ਨੇ ਮੀਟਗਿਾਂ, ਸਲਾਹ ਮਸ਼ਵਰਆਿਂ, ਜਾਂ ਫੋਕਸ ਗਰੁਪਾਂ ਵੱਚਿ ਭਾਗ ਲਆਿ ਨੂੰ ਖਾਸ ਧੰਨਵਾਦ ਦੇਣਾ ਚਾਹੁੰਦੀ ਹੈ।

## ਖੋਜਾਂ

ਓਨਟਾਰੀਓ ਕੋਲ ਹੁਣ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨਾਂ ਦੇ ਨਾਲ ਲਗਭਗ ਇੱਕ ਪੀੜੀ ਦੇ ਬਰਾਬਰ ਦਾ ਅਨੁਭਵ ਹੈ। ਐਲਸੀਓ ਵਸਿਤ੍ਰਤਿ ਖੋਜ ਅਤੇ ਸਲਾਹ ਮਸ਼ਵਰਆਿਂ ਦੇ ਲਾਭ ਦੇ ਨਾਲ, ਇਸ ਸਸਿਟਮ ਦੇ ਉਦੇਸ਼ਾਂ ਅਤੇ ਸੰਚਾਲਨ ਦੇ ਬਾਰੇ ਮਹੱਤਵਪੂਰਨ ਟੱਪਿਣੀਆਂ ਦੇਣ ਅਤੇ ਖੋਜਾਂ ਕਰ ਸਕਣ ਦੇ ਕਾਬਲ ਹੋਈ। ਇਹ ਖੋਜਾਂ ਐਲਸੀਓ ਦੀਆਂ ਅੰਤਮਿ ਸਫਿਾਰਸ਼ਾਂ ਦਾ ਅਧਾਰ ਹਨ।

### ਤਾਕਤਾਂ ਅਤੇ ਗੁਣ

ਐਲਸੀਓ ਇਸ ਨਤੀਜੇ ਤੇ ਪਹੁੰਚੀ ਹੈ ਕ ਿਓਨਟਾਰੀਓ ਵਚਿਲੀ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਦੀ ਹਕੂਮਤ ਦੀਆਂ ਕਈ ਸਾਰੀਆਂ ਮਹੱਤਵਪੂਰਨ ਤਾਕਤਾਂ ਜਾਂ ਗੁਣ ਹਨ। ਇੰਨਾਂ ਵੱਚਿ ਸ਼ਾਮਲ ਹਨ:

- ਓਨਟਾਰਓਿ ਦੇ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਕਾਨੂੰਨਾਂ ਦਾ ਟੀਚਾ ਸਵੈ ਨਰਿਧਾਰਨ ਅਤੇ ਨਜਿੀ ਖੁਦਮੁਖਤਆਿਰੀ ਨੂੰ ਵਧਾਵਾ ਦੇਣਾ ਹੈ।
- ਸਸਿਟਮ ਕਾਨੂੰਨੀ ਸਮਰੱਥਾ ਪ੍ਰਤੀ ਸੂਖਮ ਭੇਦ ਯੁਕਤ ਅਤੇ ਪ੍ਰਸੰਗਕਿ ਪਹੁੰਚ ਨੂੰ ਵਧਾਵਾ ਦਦਿਾ ਹੈ।
- ਓਨਟਾਰਓਿ ਕੋਲ ਵਕਿਲਪਕਿ ਫੈਸਲਾ ਕਰਨ ਵਾਲਆਿਂ ਲਈ ਸਪਸ਼ਟ ਅਤੇ ਜਆਿਦਾਤਰ ਉਚਤਿ ਕਾਨੂੰਨੀ ਡਊਿਟੀਆਂ ਹਨ।
- ਕਮੀਆਂ ਵਾਲੇ ਵਅਿਕਤੀਆਂ ਜਾਂ ਸੰਭਾਵੀ ਤੌਰ ਤੇ ਕਾਨੂੰਨੀ ਸਮਰੱਥਾ ਦੀ ਕਮੀ ਵਾਲੇ ਲੋਕਾਂ ਲਈ ਕਈ ਮਹੱਤਵਪੂਰਨ ਸੁਰੱਖਆਿਵਾਂ ਹਨ।
- ਪਾਵਰ ਆਫ ਅਟੌਰਨੀਆਂ ਸਰਲ ਅਤੇ ਪਹੁੰਚਯੋਗ ਹਨ।
- ਕਾਨੂੰਨ ਪਰਵਿਾਰਾਂ ਦੀ ਮਹੱਤਵਪੂਰਨ ਭੂਮਕਿਾ ਨੂੰ ਕਬੂਲਦਾ ਹੈ।
- ਕੰਨਸੈਂਟ ਐਂਡ ਕਪੈਸਟਿੀ ਬੋਰਡ ਝਗੜਆਿਂ ਨੂੰ ਸੁਲਝਾਉਣ ਲਈ ਇੱਕ ਪਹੁੰਚਯੋਗ ਫੋਰਮ ਹੈ।
- ਦ ਪਬਲਕਿ ਗਾਰਡੀਅਨ ਐਂਡ ਟ੍ਰਸਟੀ ਇੱਕ ਜ਼ਰੂਰੀ ਅਤੇ ਮਹੱਤਵਪੂਰਨ ਸੰਸਥਾ ਹੈ।

**ਚਤਿਾ ਦੇ ਖੇਤਰ**

ਐਲਸੀਓ ਦੀ ਖੋਜ ਅਤੇ ਸਲਾਹ ਮਸ਼ਵਰਆਿਂ ਨੇ ਚਤਿਾ ਦੇ ਕਈ ਮਹੱਤਵਪੂਰਨ ਖੇਤਰ ਵੀ ਉਜਾਗਰ ਕੀਤੇ । ਇਹ ਸਸਿਟਮ ਦੀ ਜਟਲਿਤਾ ਅਤੇ ਕਾਨੂੰਨ ਨੂੰ ਸੁਧਾਰਨ ਦੀ ਵੱਡੀ ਕੋਸ਼ਸ਼ਿ ਤੋ ਸਮੇਂ ਦੀ ਅਵਧੀ ਨੂੰ ਦੇਖਦੇ ਹੋਏ ਸ਼ਾਇਦ ਹੈਰਾਨੀ ਦੀ ਗੱਲ ਨਹੀ ਹੈ। ਐਲਸੀਓ ਦੇ ਚਤਿਾਵਾਂ ਦੇ ਖੇਤਰ ਅੱਜ ਸਸਿਟਮ ਵੱਿਚ ਕੰਮ ਕਰਨ ਵਾਲੇ ਵਅਿਕਤੀਆਂ ਅਤੇ ਸੰਸਥਾਵਾਂ ਵੱਿਚੋਂ ਬਹੁਤ ਸਾਰਆਿਂ ਲਈ ਜਾਣੇ ਪਛਾਣੇ ਹੋਣਗੇ। ਇੰਨਾਂ ਵੱਿਚੋਂ ਬਹੁਤ ਸਾਰੀਆਂ ਚਤਿਾਵਾਂ ਇੱਕ ਦੂਸਰੇ ਨਾਲ ਅਤਵਿਆਿਪੀ ਹਨ। ਇੰਨਾਂ ਵੱਿਚ ਸ਼ਾਮਲ ਹਨ:

- ਸਸਿਟਮ ਉਲਝਣ ਭਰਆਿ ਅਤੇ ਗੁੰਝਲਦਾਰ ਹੈ।
- ਸਸਿਟਮ ਵੱਿਚ ਤਾਲਮੇਲ ਦੀ ਕਮੀ ਹੈ।
- ਸਮਰੱਥਾ ਦੇ ਮੁਲਾਕਣਾਂ ਲਈ ਸਪਸ੍ਟਤਾ ਅਤੇ ਸਮਾਨੰਤਰਤਾ ਦੀ ਕਮੀ ਹੈ।
- ਅਜਹਿ ਕਾਨੂੰਨੀ ਸੰਦਾਂ ਦੀ ਲੋੜ ਹੈ ਜਹਿੜੇ ਘੱਟ ਦੂਹਰੇ (ਬਾਈਨਰੀ) ਅਤੇ ਸੱਿਧੇ ਤੌਰ ਤੇ ਪ੍ਰਭਾਵਤਿ ਹੋਣ ਵਾਲਆਿਂ ਦੀਆਂ ਲੋੜਾਂ ਦੀ ਰੋਜ ਪ੍ਰਤੀ ਜਆਿਦਾ ਜਵਾਬਦੇਹ ਹਨ ।
- ਵਅਿਕਤੀਆਂ, ਪਰਵਿਾਰਾਂ ਅਤੇ ਸੇਵਾ ਪ੍ਰਦਾਨ ਕਰਨ ਵਾਲਆਿਂ ਨੂੰ ਹੋਰ ਜਆਿਦਾ ਸਹਾਰਆਿਂ ਦੀ ਲੋੜ ਹੈ।
- ਸਰਪ੍ਰਸਤੀਆਂ ਨਾਕਾਫ਼ੀ ਹੱਦ ਤੱਕ ਸੀਮਤਿ, ਅਨੁਰੂਪ ਅਤੇ ਲਚਕੀਲੀਆਂ ਹਨ।
- ਵਕਿਲਪਕਿ ਫੈਸਲੇ ਕਰਨ ਵਾਲਆਿਂ ਲਈ ਨਗਿਾਹਬਾਨੀ ਅਤੇ ਨਗਿਰਾਨੀ ਦੇ ਢੰਗਾਂ ਨੂੰ ਸੁਧਾਰਨ ਦੀ ਲੋੜ ਹੈ।
- ਸਬਸਟੀਟਯੂਟ ਡਸਿਸਿ਼ਨ੍ਜ਼ ਐਕਟ, 1992 ਦੇ ਹੇਠ ਸਮਰੱਥਾ ਦੇ ਮੁਲਾਂਕਣਾਂ ਲਈ ਅਹਮਿ ਰੁਕਾਵਟਾਂ ਹਨ।
- ਹੈਲਥ ਕੇਅਰ ਕੰਨਸੈਂਟ ਐਕਟ, 1996 ਦੇ ਹੇਠ ਬਧਿਆਿਂ ਨਾਲ ਸੰਬੰਧਤ ਅਰਥਪੂਰਨ ਸੁਰੱਖਆਿਵਾਂ ਦੀ ਕਮੀ ਹੈ।
- ਸਬਸਟੀਟਯੂਟ ਡਸਿਸਿ਼ਨ੍ਜ਼ ਐਕਟ, 1992 ਦੇ ਹੇਠ ਲਾਗੂ ਕੀਤੇ ਜਾਣ ਅਤੇ ਝਗੜੇ ਸੁਲਝਾਏ ਜਾਣ ਦੇ ਢੰਗ ਬਹੁਤ ਸਾਰੇ ਓਨਟਾਰਅਿਨਜ਼ ਲਈ ਪਹੁੰਚਯੋਗ ਨਹੀ ਹਨ।
- ਸਮਰੱਥਾ ਦੀ ਕਮੀ ਵਾਲੇ ਲੋਕਾਂ ਦੀ ਨਜ਼ਰਬੰਦੀ ਬਾਰੇ ਕਾਨੂੰਨੀ ਪ੍ਰਬੰਧਾਂ ਦੀ ਲੋੜ ਹੈ।
- ਸਸਿਟਮ ਨੂੰ ਪਾਇਲਟਾਂ, ਨਗਿਰਾਨੀ, ਖੋਜ ਅਤੇ ਮੁਲਾਂਕਣ ਨੂੰ ਵਧਾਵਾ ਦੇਣ ਦੀ ਲੋੜ ਹੈ।

## ਅੰਤਮਿ ਰਪਿੋਰਟ: ਸਾਰ ਅਤੇ ਸਫਿਾਰਸ਼ਾਂ

ਐਲਸੀਓ ਇਸ ਨਤੀਜੇ ਤੇ ਪੁਹੰਚੀ ਹੈ ਕਿ ਓਨਟਾਰਓਿ ਵੱਿਚ ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਦਾ ਪ੍ਰਬੰਧ ਕਰਨ ਵਾਲੇ ਬਹੁਤ ਸਾਰੇ ਬੁਨਆਿਦੀ ਉਦੇਸ਼, ਪਾਲਸੀ ਸੰਬੰਧੀ ਚੋਣਾਂ, ਬਣਤਰਾਂ, ਕਾਨੂੰਨੀ ਸਾਧਨ ਅਤੇ ਵਧੀਆਂ ਸਹੀ ਸਲਾਮਤ ਹਨ। ਕੁਝ ਕੇਸਾਂ ਵੱਿਚ, ਵਰਤਮਾਨ ਕਾਨੂੰਨਾਂ ਦੇ ਨਾਲ ਅਨੁਭਵਾਂ ਤੋਂ ਸੱਿਖਣ ਦੇ ਮੌਕੇ ਹਨ। ਇਸ ਦੇ ਨਤੀਜੇ ਵਜੋ, ਐਲਸੀਓ ਦੀਆਂ ਸਫਿਾਰਸ਼ਾਂ ਵਹਿਾਰਕਿ ਹਲਾਂ ਦੀ ਪਛਾਣ ਕਰਦੀਆਂ ਹਨ ਜਹਿੜੀਆਂ ਸੁਧਾਰ ਦੀ ਲੋੜ ਵਾਲੇ ਖੇਤਰਾਂ ਨੂੰ ਸੰਬੋਧਤ ਕਰਦੇ ਹੋਏ ਵਰਤਮਾਨ ਸਸਿਟਮ ਨੂੰ ਕਾਇਮ ਰੱਖਦੀਆਂ ਅਤੇ ਉਨ੍ਹਾਂ ਤੇ ਅਗੇ ਕੰਮ ਕਰਦੀਆਂ ਹਨ। ਐਲਸੀਓ ਮੰਨਦੀ ਹੈ ਕਿ ਉਸ ਦੀਆਂ ਸਫਿਾਰਸ਼ਾਂ ਵਹਿਾਰਕਿ, ਪ੍ਰਾਪਤੀਯੋਗ ਹਨ ਅਤੇ ਇੰਨ੍ਹਾਂ ਤੋਂ ਪ੍ਰਾਂਤ ਭਰ ਵੱਿਚ ਪ੍ਰਭਾਵਤਿ ਵਅਿਕਤੀਆਂ, ਉਨ੍ਹਾਂ ਦੇ ਪਰਵਿਾਰਾਂ, ਸੰਸਥਾਵਾਂ ਅਤੇ ਸੇਵਾ ਪ੍ਰਦਾਨ ਕਰਨ ਵਾਲਆਿਂ ਨੂੰ ਲਾਭ ਹੋਏਗਾ।

ਅੰਤਮਿ ਰਪਿੋਰਟ ਵੱਿਚ ਮੁੱਦਆਿਂ ਦੀ ਰੇਂਜ ਦੀਆਂ ਬਓਿਰੇਵਾਰ ਸਫਿਾਰਸ਼ਾਂ ਹਨ। ਹੇਠਾਂ ਦੱਿਤਾ ਭਾਗ ਅੰਤਮਿ ਰਪਿੋਰਟ ਦੇ ਹਰ ਅਧਆਿਇ ਵਚਿਲੀ ਚਰਚਾ ਅਤੇ ਮੁੱਖ ਸਫਿਾਰਸ਼ਾਂ ਦਾ ਸਾਰ ਦਦਿਾ ਹੈ। ਇਸ ਕਾਰਜਕਾਰੀ ਸਾਰ ਦਾ ਅਨੁਬੰਧ ਏ ਅਤੇ ਅੰਤਮਿ ਰਪਿੋਰਟ ਆਪ ਹੀ ਐਲਸੀਓ ਦੀਆਂ ਖਾਸ ਅਤੇ ਅੰਤਮਿ ਸਫਿਾਰਸ਼ਾਂ ਦਾ ਵਰਣਨ ਕਰਦਾ ਹੈ।

### ਅਧਆਿਇ 1-3

ਅਧਆਿਇ 1 ਤੋਂ 3 ਅੰਤਮਿ ਰਪਿੋਰਟ ਲਈ ਬੁਨਆਿਦ ਨੂੰ ਸਥਾਪਤ ਕਰਦੇ ਹਨ। ਉਦਹਾਰਣ ਲਈ, ਅਧਆਿਇ III, ਐਲਸੀਓ ਦੇ ਦੋ ਫਰੇਮਵਰਕ ਪ੍ਰਾਜੈਕਟਾਂ ਦ ਫਰੇਮਵਰਕ ਫਾਰ ਦ ਲੌਂ ਐਜ਼ ਇਟ ਅਫੈਕਟਸ ਓਲਡਰ ਅਡਲਟਸ ਅਤੇ ਦ ਫਰੇਮਵਰਕ ਫਾਰ ਦ ਲੌਂ ਐਜ਼ ਇਟ ਅਫੈਕਟਸ ਪਰਸਨਜ਼ ਵਦਿ ਡਸਿਅਬਲਿਟੀਜ਼ ਦੀ ਚਰਚਾ ਕਰਦਾ ਹੈ ਅਤੇ ਕਾਨੂੰਨ ਅਗਵਾਈ ਕਰਨ ਅਤੇ ਉਸ ਨੂੰ ਲਾਗੂ ਕਰਨ ਵਾਸਤੇ ਸਧਿਾਂਤਾ ਅਤੇ ਉਦੇਸ਼ਾਂ ਦੇ ਸੈੱਟ ਨੂੰ ਸਥਾਪਤ ਕਰਦਾ ਹੈ।

ਇੰਨਾਂ ਅਧਆਿਇਆਂ ਵੱਿਚ, ਐਲਸੀਓ ਸਫਿਾਰਸ਼ ਕਰਦੀ ਹੈ **(ਸਫਿਾਰਸ਼ਾਂ 1-2 )** ਕਿ:

1. ਓਨਟਾਰਓਿ ਸਰਕਾਰ ਸਮਰੱਥਾ, ਫੈਸਲਾ ਕਰਨਾ ਅਤੇ ਸਰਪ੍ਰਸਤੀ ਕਾਨੂੰਨਾਂ ਲਈ ਐਲਸੀਓ ਫਰੇਮਵਰਕਾਂ; ਦੇ ਨਾਲ ਇਕਸਾਰ ਉਦੇਸ਼ਾਂ ਅਤੇ ਸਧਿਾਤਾਂ ਦੀ ਪਛਾਣ ਕਰੇ ਅਤੇ
2. ਓਨਟਾਰਓਿ ਸਰਕਾਰ ਸੁਧਾਰ ਲਈ ਇੱਕ ਸਮੁੱਚੀ ਰਣਨੀਤੀ ਵਕਿਸਤ ਕਰੇ ਜਸਿ ਵੱਿਚ ਅੰਕੜਆਿਂ ਦਾ ਸੰਕਲਨ, ਰਪਿੋਰਟਗਿ ਅਤੇ ਮੁਲਾਂਕਣ ਸ਼ਾਮਲ ਹੋਣ।

### ਅਧਆਿਇ 4: ਫੈਸਲੇ ਕਰਨ ਲਈ ਨਵੀਆਂ ਪਹੁੰਚਾਂ

ਕਾਨੂੰਨ ਦਾ ਇਹ ਖੇਤਰ ਵਕਿਲਪਕਿ ਫੈਸਲਾ ਕਰਨ ਦੀ ਪਹੁੰਚ ਦੇ ਨਾਲ ਮਲਿ ਕੇ ਕਾਨੂੰਨੀ ਸਮਰੱਥਾ ਵਲ ਫੰਕਸ਼ਨਲ ਅਤੇ ਬੋਧ ਸੰਬੰਧੀ ਪਹੁੰਚ ਤੇ ਕੇਂਦਰਤਿ ਹੈ। ਇਹ ਪਹੁੰਚ ਦੂਸਰੇ ਕਾਮਾਨ ਲਾਅ ਅਧਕਿਾਰ ਖੇਤਰਾਂ ਨਾਲ ਇਕਸਾਰ ਹੈ। ਅਪੰਗਤਾ ਸੰਬੰਧੀ ਹੱਕਾਂ ਦੇ ਫਰੇਮਵਰਕ ਵੱਿਚ ਅਧਾਰਤ ਉਭਰਦੀਆਂ ਪੁਹੰਚਾਂ ਜਹਿੜੀਆਂ ਕੰਨਵੈਨਸ਼ਨ ਔਨ ਦ ਰਾਇਟਸ ਆਫ ਪਰਸਨਜ਼ ਵਦਿ ਡਸਿਅਬਲਿਟੀਜ਼ ਦੇ ਆਰਟੀਕਲ 12 ਵੱਿਚ ਵਅਿਕਤ ਕੀਤੀਆਂ ਗਈਆਂ ਹਨ, ”ਸਮਰਥਤਿ ਫੈਸਲੇ ਕਰਨ” ਵਲ ਤਬਦੀਲੀ ਦਾ ਪ੍ਰਸਤਾਵ ਰੱਖਦੀਆਂ ਹਨ। ਇਸ ਪਹੁੰਚ ਦਾ ਟੀਚਾ ਫੈਸਲਾ ਕਰਨ ਦੀਆਂ ਵਕਿਾਰ ਵਾਲੀਆਂ ਕਾਬਲੀਅਤਾਂ ਵਾਲੇ ਲੋਕਾਂ ਦੀ ਕਾਨੂੰਨੀ ਸਮਰੱਥਾ ਨੂੰ ਅਜਹਿ "ਸਮਰਥਕਾਂ" ਦੀ ਨਯਿੁਕਤੀ ਦੇ ਨਾਲ ਬਰਕਰਾਰ ਰੱਖਣਾ ਹੈ ਜੋ ਫੈਸਲੇ ਕਰਨ ਵੱਿਚ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨਗੇ। ਸਮਰਥਤਿ ਫੈਸਲਾ ਕਰਨ ਦੀ ਧਾਰਣਾ ਅਤੇ ਸੰਚਾਲਨ ਕਾਨੂੰਨੀ ਸੁਧਾਰ ਲਈ ਚੁਨੌਤੀਆਂ ਅਤੇ ਮੌਕਆਿਂ ਦੋਵਾਂ ਨੂੰ ਜਨਮ ਦਦਿੀ ਹੈ।

ਅੰਤਮਿ ਰਪਿੋਰਟ ਇੰਨਾਂ ਕਾਨੂੰਨਾਂ ਦੁਆਰਾ ਪ੍ਰਭਾਵਤਿ ਸਾਰੇ ਵਅਿਕਤੀਆਂ ਲਈ ਵਧਦੇ ਹੋਈ ਸਵੈ-ਨਰਿਣੇ ਦੀ ਮਹੱਤਤਾ ਤੇ ਜ਼ੋਰ ਪਾਉਂਦੀ ਹੈ। ਅੰਤਮਿ ਰਪਿੋਰਟ ਸੱਿਧੇ ਤੌਰ ਤੇ ਪ੍ਰਭਾਵਤਿ ਲੋਕਾਂ ਵੱਿਚ ਲੋੜਾਂ ਅਤੇ ਟੀਚਆਿਂ ਦੀ ਵਵਿਧਿਤਾ ਦੀ ਪਛਾਣ ਕਰਦੀ ਹੈ ਅਤੇ ਕੁਝ ਵਅਿਕਤੀਆਂ ਅਤੇ ਕੁਝ ਭਾਈਚਾਰਆਿਂ ਦੀਆਂ ਲੋੜਾਂ ਨੂੰ ਪੂਰੀ ਕਰਨ ਵਾਸਤੇ ਸਮਰਥਤਿ ਫੈਸਲੇ ਕਰਨ ਵਾਲੀਆਂ ਪਹੁੰਚਾਂ ਦੇ ਸੰਭਾਵੀ ਲਾਭਾਂ ਦਾ ਖੁਲਾਸਾ ਕਰਦੀ ਹੈ। ਅੰਤਮਿ ਰਪਿੋਰਟ ਇੰਨਾਂ ਲੋੜਾਂ ਨੂੰ ਪੂਰਾ ਕਰਨ ਲਈ ਨਵੀਆਂ ਕਰਿਆਿਵਾਂ, ਸੰਦਾਂ ਅਤੇ ਕਾਨੂੰਨੀ ਸਾਧਨਾਂ ਦੀ ਪਛਾਣ ਕਰਦੀ ਹੈ। ਐਲਸੀਓ ਦੇ ਪ੍ਰਮਾਣਾਂ ਤੇ ਅਧਾਰਤ ਨੀਤੀ ਬਣਾਉਣ ਤੇ ਜ਼ੋਰ ਦੇ ਅਨੁਰੂਪ ਅੰਤਮਿ ਰਪਿੋਰਟ ਨਰਿੰਤਰ ਚੱਲਣ ਵਾਲੇ ਪਾਇਲਟਾਂ ਅਤੇ

ਕੋਈ ਵੀ ਨਵੇਂ ਮਾਡਲਾਂ ਜਾਂ ਪਹੁੰਚਾਂ ਦੇ ਮੁਲਾਂਕਨ ਲਈ ਲੋੜ ਬਾਰੇ ਚਰਚਾ ਕਰਦੀ ਹੈ। ਐਲਸੀਓ ਦੀਆਂ ਸਫਿਾਰਸ਼ਾਂ ਓਨਟਾਰਓਿ ਨੂੰ ਅੰਤਰਰਾਸ਼ਟਰੀ ਤੌਰ ਤੇ ਫੈਸਲੇ ਕਰਨ ਸੰਬੰਧੀ ਮੁੱਦਆਿਂ ਦਾ ਮੋਹਰੀ ਬਣਾਉਣਗੀਆਂ।

ਇਸ ਅਧਆਿਇ ਵੱਚਿ, ਐਲਸੀਓ ਸਫਿਾਰਸ਼ ਕਰਦੀ ਹੈ **(ਸਫਿਾਰਸ਼ਾਂ 3-9 )** ਕ:ਿ

1. ਲਹਿਾਜ਼ ਦੇ ਮਨੁੱਖੀ ਹੱਕਾਂ ਦੀ ਧਾਰਣਾ ਨੂੰ ਕਾਨੂੰਨੀ ਸਮਰੱਥਾ ਵਲ ਪਹੁੰਚਾਂ ਵੱਚਿ ਸ਼ਾਮਲਿ ਕੀਤਾ ਜਾਏ;
2. ਓਨਟਾਰਓਿ ਸਰਕਾਰ ਖੁਦਮੁਖਤਆਿਰੀ ਨੂੰ ਵਧਾਉਣ ਵਾਲੇ ਅਮਲਾਂ ਬਾਰੇ ਸੰਚਾਲਕ ਪ੍ਰਾਜੈਕਟ ਵਕਿਸਤ ਕਰੇ ਅਤੇ ਉਭਰ ਰਹੇ ਅਮਲਾਂ ਅਤੇ ਕਾਨੂੰਨਾਂ ਦੀ ਨਰਿੰਤਰ ਜਾਰੀ ਨਗਿਰਾਨੀ ਅਤੇ ਅਧਐਿਨ ਕਰੇ;
3. ਖੁਦਮੁਖਤਆਿਰੀ ਨੂੰ ਵਧਾਉਣ ਵਾਲੇ ਅਮਲਾਂ ਲਈ ਮੌਜੂਦਾ ਲੋੜਾਂ ਨੂੰ ਮਜ਼ਬੂਤ ਕੀਤਾ ਜਾਏ ;
4. ਓਨਟਾਰਓਿ ਸਰਕਾਰ ਵਅਿਕਤੀਆਂ ਨੂੰ ਰੋਜ਼ ਦੇ ਫੈਸਲਆਿ ਸੰਬੰਧੀ ਲੋੜਾਂ ਵਾਸਤੇ ਸਹਾਰੇ ਲਈ ਅਧਕਿਾਰ ਸੰਬੰਧੀ ਸਮਝੌਤਆਿਂ ਵੱਚਿ ਦਾਖਲ ਹੋਣ ਦੇ ਯੋਗ ਬਣਨ ਲਈ ਕਾਨੂੰਨ ਵਕਿਸਤ ਕਰੇ; ਅਤੇ
5. ਓਨਟਾਰਓਿ ਸਰਕਾਰ ਅਤੇ ਦੂਸਰੇ ਲੋਕ ਫੈਸਲੇ ਕਰਨ ਦੇ ਨੈੱਟਵਰਕ ਲਈ ਕਾਨੂੰਨੀ ਢਾਂਚਾ ਤਆਿਰ ਕਰਨ ਲਈ ਕੰਮ ਕਰਨ।

**ਅਧਆਿਇ 5: ਕਾਨੂੰਨੀ ਸਮਰੱਥਾ ਦਾ ਮੁਲਾਂਕਨ : ਗੁਣਵੱਤਾ ਅਤੇ ਇਕਸਾਰਤਾ ਨੂੰ ਸੁਧਾਰਨਾ**

ਅੰਤਮਿ ਰਪਿੋਰਟਦਾ ਅਧਆਿਇ 5 ਸਮਰੱਥਾ ਦੇ ਮੁਲਾਂਕਣਾਂ, ਕਾਨੂੰਨ ਦੇ ਇਸ ਖੇਤਰ ਵੱਚਿ ਇੱਕ ਹੋਰ ਬੁਨਆਿਦੀ ਮੁੱਦੇ, ਬਾਰੇ ਚਰਚਾ ਕਰਦਾ ਹੈ। ਅੰਤਮਿ ਰਪਿੋਰਟ ਅੱਜ ਓਨਟਾਰਓਿ ਵੱਚਿ ਸਮਰੱਥਾ ਦੇ ਵਸ਼ਿਲੇਸ਼ਣ ਲਈ ਅਨੇਕ ਪ੍ਰਣਾਲੀਆਂ ਦਾ ਸਾਰ ਅਤੇ ਵਸ਼ਿਲੇਸ਼ਣ ਕਰਦੀ ਹੈ। ਹਰ ਮੁਲਾਂਕਨ ਪ੍ਰਣਾਲੀ ਦੀ ਪਹੁੰਚਯੋਗਤਾ ਅਤੇ ਜਵਾਬਦੇਹੀ ਦੀਆਂ ਮੁਕਾਬਲਾ ਕਰਨ ਵਾਲੀਆਂ ਲੋੜਾਂ ਅਤੇ ਖੁਦਮੁਖਤਆਿਰੀ ਦੀ ਹਫਿਾਜਤ ਬਨਾਮ ਕਮਜ਼ੋਰ ਲੋਕਾਂ ਦੀ ਰੱਖਆਿ ਨੂੰ ਸੰਤੁਲਤਿ ਕਰਨ ਵਲ ਆਪਣੀ ਪਹੁੰਚ ਹੈ।

ਸਾਡੇ ਸਲਾਹ ਮਸ਼ਵਰਆਿਂ ਦੌਰਾਨ, ਐਲਸੀਓ ਨੇ ਅਨੇਕ ਚਤਿਾਵਾਂ ਸੁਣੀਆਂ ਕ ਿਸਮਰੱਥਾ ਦਾ ਮੁਲਾਂਕਣ ਕਰਨ ਲਈ ਸਮੁੱਚਾ ਸਸਿਟਮ ਗੁੰਝਲਦਾਰ, ਅਸੰਗਤ ਅਤੇ ਵੱਚੋਂ ਲੰਘਣ (ਨੈਵੀਗੇਟ) ਵੱਚਿ ਮੁਸ਼ਕਲ ਹੈ। ਸਭ ਤੋ ਮਹੱਤਵਪੂਰਨ, ਐਲਸੀਓ ਨੇ ਸਮਰੱਥਾ ਦੇ ਮੁਲਾਂਕਣ ਦੇ ਕਈ ਰੂਪਾਂ ਬਾਰੇ ਗੰਭੀਰ ਚਤਿਾਵਾਂ ਸੁਣੀਆਂ। ਐਲਸੀਓ ਨੇ ਮੁਲਾਂਕਣ ਦੀਆਂ ਖਾਸ ਕਸਿਮਾਂ ਬਾਰੇ ਚਤਿਾਵਾਂ ਸੁਣੀਆਂ, ਜਵਿੇਂ ਕ ਿਦ ਸਬਸਟੀਟਯੂਟ ਡਸਿਸਿ਼ਨ੍ਜ਼ ਐਕਟ, 1992 (ਐਸਡੀਏ), ਦੇ ਹੇਠ ਮੁਲਾਂਕਣਾਂ ਤੱਕ ਪਹੁੰਚਣ ਵੱਚਿ ਰੁਕਾਵਟਾਂ ਅਤੇ ਦ ਹੈਲਥ ਕੇਅਰ ਕੰਨਸੈਂਟ ਐਕਟ, 1996 (ਐਚਸੀਸੀਏ) ਦੇ ਹੇਠ ਮੁਲਾਂਕਣਾਂ ਵਾਸਤੇ ਗੁਣਵੱਤਾ ਦੀ ਤਸੱਲੀ ਲਈ ਪੈਮਾਨਆਿਂ ਦੀ ਕਮੀ। ਲੌਂਗ - ਟਰਮ ਕੇਅਰ ਵੱਚਿ ਦਾਖਲੇ ਲਈ ਅਤੇ ਆਮਤੌਰ ਤੇ ਸਹਿਤ ਸੰਭਾਲ ਲਈ ਸਹਮਿਤੀ ਦੇਣ ਦੀ ਸਮਰੱਥਾ ਦਾ ਮੁਲਾਂਕਣ ਕੀਤੇ ਜਾਣ ਵਾਲੇ ਵਅਿਕਤੀਆਂ ਵਾਸਤੇ ਵਧਿੀ ਸੰਬੰਧੀ ਸੁਰੱਖਆਿਵਾਂ ਬਾਰੇ ਵੀ ਖਾਸ ਚਤਿਾ ਸੀ।

ਅੰਤਮਿ ਰਪਿੋਰਟ ਦੀਆਂ ਸਫਿਾਰਸ਼ਾਂ ਓਨਟਾਰਓਿ ਦੀਆਂ ਸਮਰੱਥਾ ਮੁਲਾਂਕਣ ਪ੍ਰਣਾਲੀਆਂ ਦੇ ਵਚਿਕਾਰ ਅਤੇ ਉਨ੍ਹਾਂ ਦੇ ਵੱਚਿ ਗੁਣਵੱਤਾ, ਸਮਾਨਤਾ ਅਤੇ ਹੱਕਾਂ ਦੀ ਰੱਖਆਿ ਨੂੰ ਸੁਧਾਰਨ ਦੇ ਵਹਿਾਰਕ ਤਰੀਕਆਿਂ ਦੀ ਪਛਾਣ ਕਰਦੇ ਹੋਏ ਮੌਜੂਦਾ ਸਸਿਟਮਾਂ ਦੀਆਂ ਤਾਕਤਾਂ ਤੇ ਕੰਮ ਕਰਦੀਆਂ ਹਨ।

ਇਸ ਅਧਆਿਇ ਵੱਚਿ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 10-24)** ਕ:ਿ

1. ਓਨਟਾਰਓਿ ਸਰਕਾਰ ਉਨਾਂ ਵਅਿਕਤੀਆਂ, ਜਨਿਾਂ ਵੱਚਿ ਸਮਰੱਥਾ ਦੀ ਕਮੀ ਹੈ ਪਰ ਜਹਿੜੇ ਐਮਐਚਏ ਦੇ ਵੱਚਿ ਨਹੀ ਆਉਦੇ, ਲਈ ਨਜ਼ਰਬੰਦੀ ਦਾ ਆਦਰ ਕਰਦੇ ਹੋਏ , ਫੈਸਲੇ ਕਰਨ ਵਾਸਤੇ ਇੱਕ ਕਾਨੂੰਨੀ ਕਰਿਆਿ ਬਣਾਏ ਅਤੇ ਲਾਗੂ ਕਰੇ;
2. ਓਨਟਾਰਓਿ ਸਰਕਾਰ ਐਸਡੀਏ ਅਤੇ ਐਮਐਚਏ ਦੇ ਹੇਠ ਮੁਲਾਂਕਣਾਂ ਦੇ ਉਦੇਸ਼ ਅਤੇ ਸਹੀ ਉਪਯੋਗ ਨੂੰ ਸਪਸ਼ਟ ਕਰੇ ਅਤੇ ਖਾਸ ਤੌਰ ਤੇ ਬਣਾਏ;ਓਨਟਾਰਓਿ ਸਰਕਾਰ ਐਸਡੀਏ ਹੇਠ ਸਮਰੱਥਾ ਮੁਲਾਂਕਣਾਂ ਤੱਕ ਪਹੁੰਚ ਨੂੰ ਸੁਧਾਰਨ ਲਈ ਇੱਕ ਰਣਨੀਤੀ ਦਾ ਵਕਿਾਸ ਕਰੇ;
3. ਐਚਸੀਸੀਏ ਅਤੇ ਐਮਐਚਏ ਹੇਠ ਸਮਰੱਥਾ ਮੁਲਾਂਕਣਾਂ ਲਈ ਮਆਿਰਾਂ ਨੂੰ ਸਪਸ਼ਟ ਕੀਤਾ ਜਾਏ, ਜਸਿ ਵੱਚਿ ਸ਼ਾਮਲ ਹੋਣ ਐਚਸੀਸੀਏ ਹੇਠ ਹੱਕਾਂ ਸੰਬੰਧੀ ਜਾਣਕਾਰੀ ਦੇ ਪ੍ਰਬੰਧ ਲਈ ਨਮਿਨਤਮ ਮਆਿਰਾਂ ਦਾ ਵਕਿਾਸ ;

4. ਓਨਟਾਰਓਿ ਸਰਕਾਰ ਐਚਸੀਸੀਏ ਦੇ ਹੇਠ ਅਸਮਰਥ ਪਾਏ ਗਏ ਵਅਿਕਤੀਆਂ ਲਈ ਹੱਕਾਂ ਬਾਰੇ ਸੁਤੰਤਰ ਅਤੇ ਮਾਹਰ ਸਲਾਹ ਤੱਕ ਪਹੁੰਚ ਨੂੰ ਵਧਾਉਣ ਵਾਸਤੇ ਇੱਕ ਰਣਨੀਤੀ ਵਕਿਸਤ ਕਰੇ;
5. ਓਨਟਾਰਓਿ ਸਰਕਾਰ ਐਚਸੀਸੀਏ ਦੇ ਹੇਠ ਅਸਮਰਥ ਪਾਏ ਗਏ ਵਅਿਕਤੀਆਂ ਲਈ ਹੱਕਾਂ ਬਾਰੇ ਸੁਤੰਤਰ ਅਤੇ ਮਾਹਰ ਸਲਾਹ ਤੱਕ ਪਹੁੰਚ ਨੂੰ ਵਧਾਉਣ ਵਾਸਤੇ ਇੱਕ ਰਣਨੀਤੀ ਵਕਿਸਤ ਕਰੇ;
6. ਸਥਾਨਕ ਹੈਲਥ ਇੰਟੀਗ੍ਰੇਸ਼ਨ ਨੈੱਟਵਰਕ, ਹੈਲਥ ਕੁਆਲਟੀ ਓਨਟਾਰਓਿ, ਅਤੇ ਮਨਿਸਟਰੀ ਆਫ ਹੈਲਥ ਐਂਡ ਲੌਂਗ ਟਰਮ ਕੇਅਰ ਐਚਸੀਸੀਏ ਦੇ ਹੇਠ ਸਮਰੱਥਾ ਮੁਲਾਂਕਣਾਂ ਦੀ ਗੁਣਵੱਤਾ, ਨਗਿਰਾਨੀ ਅਤੇ ਨਗਿਾਹਬਾਨੀ ਨੂੰ ਸੁਧਾਰਨ ਲਈ ਕੰਮ ਕਰਨ।

**ਅਧਆਿਇ 6: ਪਾਵਰ ਆਫ ਅਟੌਰਨੀ: ਸਪਸ਼ਟਤਾ ਅਤੇ ਜਵਾਬਦੇਹੀ ਨੂੰ ਵਧਾਉਣਾ**

ਅੰਤਮਿ ਰਪਿੋਰਟ  ਦਾ ਅਧਆਿਇ 6 ਪਾਵਰਜ਼ ਆਫ ਅਟੌਰਨੀ (ਪੀਓਏ) ਬਾਰੇ ਚਰਚਾ ਕਰਦਾ ਹੈ।  ਪੀਓਏਜ਼ (POAs) ਮਹੱਤਵਪੂਰਨ ਹਨ ਕਉਿਂਕ ਿਉਹ ਵਕਿਲਪਕਿ ਫੈਸਲੇ ਕਰਨ ਦੇ ਬਹੁਤ ਆਮ ਰੂਪ ਹਨ। ਉਹ ਸ਼ਾਇਦ ਇਸ ਕਰਕੇ ਵੀ ਸਭ ਤੋ "ਪ੍ਰਾਈਵੇਟ" ਹਨ ਕਉਿਂਕ ਿਅਮਲ ਵਿੱਚ ਲਆਿਏ ਜਾਣ ਵਾਲੇ ਪੀਓਏਜ਼ (POAs) ਦੀ ਵਰਿਲੇ ਹੀ ਬਾਹਰਲੇ ਲੋਕਾਂ ਦੁਆਰਾ ਪੜਤਾਲ ਕੀਤੀ ਜਾਂਦੀ ਹੈ।

ਵਆਿਪਕ ਤੌਰ ਤੇ ਇਹ ਮੰਨਆਿ ਜਾਂਦਾ ਹੈ ਕ ਿਪੀਓਏਜ਼ (POAs) ਵਅਿਕਤੀਆਂ, ਪਰਵਿਾਰਾਂ, ਸਹਿਤ ਸੰਭਾਲ ਪੇਸ਼ੇਵਰਾਂ, ਸੰਸਥਾਵਾਂ ਅਤੇ ਬਹੁਤ ਸਾਰੇ ਹੋਰਨਾਂ ਲਈ ਮਹੱਤਵਪੂਰਨ ਕਾਨੂੰਨੀ ਸੰਦ ਹਨ। ਪਰ, ਇਸ ਪ੍ਰਾਜੈਕਟ ਦੇ ਅਰੰਭ ਤੋਂ, ਪੀਓਏਜ਼ (POAs) ਦੇ ਦੁਰਉਪਯੋਗ ਅਤੇ ਸਧਿੀ ਦੁਰਵਰਤੋਂ ਬਾਰੇ ਵਆਿਪਕ ਚਤਿਾਵਾਂ ਰਹੀਆਂ ਹਨ। ਪੀਓਏਜ਼ (POAs) ਰਾਹੀ ਵਡੇਰੀ ਉਮਰ ਦੇ ਵਅਿਕਤੀਆਂ ਨਾਲ ਮਾਲੀ ਦੁਰਵਹਿਾਰ ਬਾਰੇ ਖਾਸ ਚਤਿਾ ਹੈ।

ਇਨਿ੍ਹਾਂ ਚਤਿਾਵਾਂ ਨੂੰ ਸੰਬੋਧਤ ਕਰਨ ਵਾਸਤੇ ਸਫਿਾਰਸ਼ਾਂ ਵਕਿਸਤ ਕਰਨ ਵੇਲੇ, ਐਲਸੀਓ ਪੀਓਏਜ਼ (POAs) ਦੇ ਮੁੱਖ ਲਾਭਾਂ: ਉਨ੍ਹਾਂ ਦੀ ਪਹੁੰਚਯੋਗਤਾ, ਲਚਕੀਲਾਪਨ ਅਤੇ ਓਨਟਾਰਅਿਨਜ਼ ਲਈ ਚੋਣ ਵਿੱਚ ਵਾਧੇ ਨੂੰ ਬਰਕਰਾਰ ਰੱਖਣ ਬਾਰੇ ਸੁਚੇਤ ਹੈ। ਲਹਿਾਜ਼ਾ ਸਾਡੀਆਂ ਸਫਿਾਰਸ਼ਾਂ, ਦੇਣ ਵਾਲਆਿਂ (grantors) ਅਤੇ ਵਕੀਲਾਂ ਲਈ ਸਪਸ਼ਟਤਾ ਅਤੇ ਸਮਝ ਨੂੰ ਵਧਾਉਣ, ਅਤੇ ਜਵਾਬਦੇਹੀ ਲਈ ਹੋਰ ਵਕਿਲਪ ਮੁਹੱਈਆ ਕਰਨ ਵਲ ਧਆਿਨ ਕੇਂਦਰਤ ਿਕਰਦੀਆਂ ਹਨ। ਅੰਤਮਿ ਰਪਿੋਰਟ ਲਾਜ਼ਮੀ ਰਜਸਿਟਰੀ ਬਣਾਉਣ, ਸੰਪਤੀ ਵਾਸਤੇ ਪੀਓਏ (POA) ਤਆਿਰ ਕਰਨ ਲਈ ਇੱਕ ਵਕੀਲ ਦੀ ਸ਼ਮੂਲੀਅਤ ਲਈ ਲੋੜ ਜਾਂ ਵਕੀਲਾਂ ਲਈ ਲਾਜ਼ਮੀ ਰਪਿੋਰਟਗਿ ਜਾਂ ਬੇਤਰਤੀਬੇ ਆਡਟਿ ਤਆਿਰ ਕਰਨ ਦੇ ਪ੍ਰਸਤਾਵਾਂ ਨੂੰ ਗ੍ਰਹਣਿ ਨਹੀ ਕਰਦੀ।

ਇਸ ਅਧਆਿਇ ਵਿੱਚ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 25-28)** :

1. ਨਯਿੁਕਤੀ ਹੇਠ ਪਹਲਿੀ ਵਾਰੀ ਕੰਮ ਕਰਨ ਤੋਂ ਪਹਲਿਾਂ, ਇੱਕ ਵਕੀਲ ਦੀ ਤਰ੍ਹਾਂ ਨਯਿੁਕਤੀ ਸਵੀਕਾਰ ਕਰਨ ਵਾਲੇ ਵਅਿਕਤੀਆਂ ਦੁਆਰਾ ਇੱਕ ਲਾਜ਼ਮੀ, ਮਆਿਰੀ ਫਾਰਮ ਸਟੇਟਮੈਂਟ ਆਫ ਕਮਟਿਮੈਂਟ ਤੇ ਹਸਤਾਖਰ ਕੀਤੇ ਜਾਣ;
2. ਵਕੀਲ ਦੇ ਪਹਲਿੀ ਵਾਰੀ ਕੰਮ ਕਰਨਾ ਸ਼ੁਰੂ ਕਰਨ ਵੇਲੇ ਨੋਟਸਿਸਿ ਆਫ ਅਟੌਰਨੀ ਐਕਟਗਿ ਦੀ ਡਲਿਵਿਰੀ: ਇਨਿ੍ਹਾਂ ਦੀ ਡਲਿਵਿਰੀ ਇਨਿ੍ਹਾਂ ਲੋਕਾਂ ਨੂੰ ਦੇਣ ਦੀ ਲੋੜ ਹੋਏਗੀ ਦੇਣ ਵਾਲੇ (grantor), ਪਤੀ ਜਾਂ ਪਤਨੀ, ਕੋਈ ਵੀ ਪਹਲਿੇ ਵਕੀਲ, ਅਤੇ ਕੋਈ ਵੀ ਨਯਿੁਕਤ ਕੀਤਾ ਗਆਿ ਮਾਨੀਟਰ, ਅਤੇ ਇਸ ਦੇ ਨਾਲ ਹੀ ਪੀਓਏ (POA) ਇੰਸਟ੍ਰੂਮੈਂਟ ਵਿੱਚ ਪਛਾਣ ਕੀਤੇ ਗਏ ਕੋਈ ਵੀ ਹੋਰ ਵਅਿਕਤੀ;
3. ਮਾਨੀਟਰ ਦਾ ਨਾਮ ਲਖਿਣ ਦਾ ਵਕਿਲਪ, ਜਸਿ ਕੋਲ ਦੇਣ ਵਾਲੇ (grantor) ਦੇ ਨਾਲ ਮੁਲਾਕਾਤ ਅਤੇ ਗੱਲਬਾਤ ਕਰਨ, ਅਤੇ ਵਕੀਲ ਦੁਆਰਾ ਰੱਖੇ ਗਏ ਅਕਾਉਂਟਾਂ ਅਤੇ ਰਕਿਾਰਡਾਂ ਦੀ ਸਮੀਖਆਿ ਕਰਨ ਲਈ ਕਾਨੂੰਨੀ ਤਾਕਤਾਂ ਹੋਣਗੀਆਂ।

**ਅਧਆਿਇ 7: ਹੱਕਾਂ ਨੂੰ ਲਾਗੂ ਕਰਨਾ ਅਤੇ ਝਗੜੇ ਸੁਲਝਾਉਣਾ**

ਅੰਤਮਿ ਰਪਿੋਰਟ ਦਾ ਅਧਆਿਇ 7 ਨਆਿਂ ਤੱਕ ਪਹੁੰਚ, ਹੱਕਾਂ ਦੇ ਲਾਗੂ ਕੀਤੇ ਜਾਣ ਅਤੇ ਝਗੜੇ ਸੁਲਝਾਉਣ ਬਾਰੇ ਚਰਚਾ ਕਰਦਾ ਹੈ। ਅੰਤਮਿ ਰਪਿੋਰਟ ਕਹਦਿੀ ਹੈ ਕ ਿਨਆਿਂ ਤੱਕ ਪਹੁੰਚ ਅਤੇ ਹੱਕਾਂ ਦਾ ਲਾਗੂ ਕੀਤੇ ਜਾਣਾ ਸਾਰੇ ਸਸਿਟਮ ਨੂੰ ਸਹਾਰਾ ਦਦਿਾ ਹੈ।  ਇਸ ਅਧਆਿਇ ਵਿੱਚ ਸ਼ਾਮਲ ਹੈ ਕੰਨਸੈਂਟ ਐਂਡ ਕਪੈਸਟਿੀ ਬੋਰਡ (ਸੀਸੀਬੀ) ਅਤੇ ਸੁਪੀਰੀਅਰ ਕੋਰਟ ਦੇ ਅਧਕਿਾਰ ਖੇਤਰ ਦਾ ਐਲਸੀਓ ਦਾ ਵਸ਼ਿਲੇਸ਼ਣ।

ਐਲਸੀਓ ਨੇ ਵਾਰੀ ਵਾਰੀ ਸੁਣਿਆ ਕਿ ਐਸਡੀਏ ਦੇ ਹੇਠ ਝਗੜਿਆਂ ਨੂੰ ਸੁਲਝਾਉਣ ਲਈ ਸੁਪੀਰੀਅਰ ਕੋਰਟ ਤੇ ਅਧਾਰਤ ਮੌਜੂਦਾ ਸਿਸਟਮ ਕੁਝ ਲੋਕਾਂ ਨੂੰ ਛੱਡ ਕੇ ਬਾਕੀ ਸਾਰਿਆਂ ਲਈ ਪਹੁੰਚਯੋਗ ਨਹੀ ਹੈ, ਅਤੇ ਇਸ ਦੇ ਨਤੀਜੇ ਵਜੋਂ, ਕਾਨੂੰਨ ਦੇ ਹੇਠ ਹੱਕ ਅਕਸਰ ਲਾਗੂ ਨਹੀ ਕੀਤੇ ਜਾਂਦੇ ਅਤੇ ਕਾਨੂੰਨ ਦਾ ਵਾਅਦਾ ਅਧੂਰਾ ਰਹਿ ਜਾਂਦਾ ਹੈ। ਹਿੱਸੇਦਾਰਾਂ ਨੇ ਅਜਹਿ ਸਿਸਟਮ ਲਈ ਇੱਛਾਵਾਂ ਵਿਅਕਤ ਕੀਤੀਆਂ ਜਹਿੜਾ ਜਆਿਦਾ ਪਹੁੰਚਯੋਗ, ਲਚਕੀਲਾ, ਜਵਾਬਦੇਹ, ਵਸ਼ਿਸ਼ ਅਤੇ ਸੰਪੂਰਣ ਹੋਏ। ਉਨ੍ਹਾਂ ਨੇ ਅਜਹਿੀਆਂ ਪਹੁੰਚਾਂ ਦੀ ਜਆਿਦਾ ਵਰਤੋਂ ਲਈ ਵੀ ਬਹਸਿ ਕੀਤੀ ਜਹਿੜੀਆਂ ਅਜਹਿ ਚਲ ਰਹੇ ਰਸ਼ਿਤਿਆਂ ਦਾ ਆਦਰ ਕਰ ਸਕਣ ਜਹਿੜੇ ਇਸ ਖੇਤਰ ਵਿੱਚ ਇੰਨੇ ਮੁਕੱਦਮਆਿਂ ਦਾ ਮੁੱਖ ਕਾਰਨ ਹਨ। ਅੰਤਮਿ ਰਪਿੋਰਟ ਇਸ ਖੇਤਰ ਵਿੱਚ ਮਹੱਤਵਪੂਰਨ ਸੁਧਾਰਾਂ ਲਈ ਪ੍ਰਸਤਾਵ ਰੱਖਦੀ ਹੈ। ਅੰਤਮਿ ਰਪਿੋਰਟ ਨਆਿਂ ਤੱਕ ਪਹੁੰਚ ਨੂੰ ਬਹਿਤਰ ਬਣਾਉਣ ਲਈ ਹੋਰ ਵੀ ਸਫਿਾਰਸ਼ਾਂ ਕਰਦੀ ਹੈ।

ਇਸ ਅਧਆਿਇ ਵਿੱਚ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 29-38)** ਕਿ:

1. ਓਨਟਾਰਓਿ ਸਰਕਾਰ ਕਾਨੂੰਨ ਦੇ ਇਸ ਖੇਤਰ ਵਿੱਚ ਵਆਿਪਕ ਆਧਕਿਾਰ ਖੇਤਰ ਅਤੇ ਝਗੜਿਆਂ ਲਈ ਲਚਕੀਲੀਆਂ ਅਤੇ ਸੰਪੂਰਣ ਪਹੁੰਚਾਂ ਮੁਹੱਈਆ ਕਰਨ ਵਾਲੀ ਕਾਬਲੀਅਤ ਵਾਲੇ ਵਸ਼ਿਸ਼, ਮਾਹਰ ਟ੍ਰਬਿਊਿਨਲ ਦੀ ਰਚਨਾ ਲਈ ਕੰਮ ਕਰੇ;
2. ਝਗੜਿਆਂ ਨੂੰ ਸੁਲਝਾਉਣ ਦੀਆਂ ਵਕਿਲਪਕਿ ਪਹੁੰਚਾਂ ਨੂੰ ਮਜ਼ਬੂਤ ਕੀਤਾ ਜਾਏ;
3. ਸੈਕਸ਼ਨ 3 ਅਤੇ ਲੀਗਲ ਏਡ ਓਨਟਾਰਓਿ ਸਹਾਰਿਆਂ ਸਮੇਤ ਮੁਕੱਦਮੇ ਲੜਨ ਵਾਲਿਆਂ ਵਾਸਤੇ ਸਹਾਰਿਆਂ ਨੂੰ ਮਜ਼ਬੂਤ ਕੀਤਾ ਜਾਏ;
4. ਪਬਲਕਿ ਗਾਰਡੀਅਨ ਐਂਡ ਟ੍ਰਸਟੀ ਦੇ ਆਦੇਸ਼ਪੱਤਰ ਨੂੰ "ਗੰਭੀਰ ਪ੍ਰਤਕੂਿਲ ਪ੍ਰਭਾਵਾਂ" ਵਾਲੀਆਂ ਪੜਤਾਲਾਂ ਦਾ ਆਦਰ ਕਰਨ ਲਈ ਉਸਦੀਆਂ ਤਾਕਤਾਂ ਨੂੰ ਸਪਸ਼ਟ ਕਰਨ ਵਾਸਤੇ ਅੱਪਡੇਟ ਕੀਤਾ ਜਾਏ;
5. ਵਆਿਪਕ ਰੇਂਜ ਦੇ ਵਅਿਕਤੀਆਂ ਨੂੰ ਕੁਝ ਖਾਸ਼ ਐਪਲੀਕੇਸ਼ਨਾਂ ਕੰਨਸੈਂਟ ਐਂਡ ਕਪੈਸਟਿੀ ਬੋਰਡ ਤੱਕ ਲਆਿਉਣ ਦੀ ਆਗਆਿ ਦੇਣ ਰਾਹੀ ਐਚਸੈਸੀਏ ਹੱਕਾਂ ਦੇ ਲਾਗੂ ਕਰਨ ਨੂੰ ਸੁਧਾਰਆਿ ਜਾਏ।

### ਅਧਆਿਇ 8: ਬਾਹਰੀ ਨਯਿੁਕਤੀ ਕਰਿਆਿਵਾਂ

ਅੰਤਮਿ ਰਪਿੋਰਟ ਦਾ ਅਧਆਿਇ 8 ਬਾਹਰੋਂ ਸਰਪ੍ਰਸਤਾਂ ਦੀ ਨਯਿੁਕਤੀ ਲਈ ਕਾਨੂੰਨਾਂ, ਨੀਤੀਆਂ ਅਤੇ ਅਮਲਾਂ ਬਾਰੇ ਚਰਚਾ ਕਰਦਾ ਹੈ। ਗਾਰਡੀਅਨਾਂ ਨੂੰ ਦੋ ਕਰਿਆਿਵਾਂ ਰਾਹੀ ਨਯਿੁਕਤ ਕੀਤਾ ਜਾਂਦਾ ਹੈ: ਅਦਾਲਤ ਦੁਆਰਾ ਨਯਿੁਕਤੀਆਂ, ਅਤੇ ਹੋਰ ਜਆਿਦਾ ਆਮ ਕਾਨੂੰਨੀ ਨਯਿੁਕਤੀਆਂ। ਕਾਨੂੰਨੀ ਨਯਿੁਕਤੀਆਂ, ਕੇਵਲ ਸੰਪਤੀ ਦੀਆਂ ਗਾਰਡੀਅਨਸ਼ਪਿਾਂ ਲਈ ਉਪਲਬਧ, ਦਾ ਨਤੀਜਾ ਆਟੋਮੈਟਕਿ ਪਬਲਕਿ ਗਾਰਡੀਅਨ ਐਂਡ ਟ੍ਰਸਟੀ (ਪੀਜੀਟੀ) ਲਈ ਨਯਿੁਕਤੀਆਂ ਹੁੰਦਾ ਹੈ, ਪਰਵਿਾਰ ਦੇ ਰਪਿਲੇਸਮੈਂਟ ਗਾਰਡੀਅਨਾਂ ਦੀ ਤਰ੍ਹਾਂ ਕੰਮ ਕਰ ਸਕਣ ਵਾਸਤੇ ਆਪਲਾਈ ਕਰ ਸਕਣ ਦੇ ਨਾਲ।

ਬਾਹਰੋਂ ਗਾਰਡੀਅਨਾਂ ਦੀ ਨਯਿੁਕਤੀ ਪ੍ਰਭਾਵਤਿ ਵਅਿਕਤੀਆਂ ਦੀ ਖੁਦਮੁਖਤਆਿਰੀ ਤੇ ਉਨ੍ਹਾਂ ਦੇ ਵਲਿੱਖਣ ਪ੍ਰਭਾਵ ਕਰਕੇ ਆਖਰੀ ਉਪਾਅ ਹੋਣਾ ਚਾਹੀਦਾ ਹੈ। ਅੰਤਮਿ ਰਪਿੋਰਟ ਵਿੱਚ ਜਥਿੇ ਜਰੂਰੀ ਨਾ ਹੋਏ ਵਅਿਕਤੀਆਂ ਨੂੰ ਗਾਰਡੀਅਨਸ਼ਪਿ ਤੋਂ ਦੂਸਰੇ ਪਾਸੇ ਲਜਿਾਉਣ ਵਾਸਤੇ ਅਤੇ ਗਾਰਡੀਅਨਸ਼ਪਿ ਨੂੰ ਹੋਰ ਲਚਕੀਲਾ ਬਣਾਉਣ ਅਤੇ ਵਅਿਕਤੀਆਂ ਦੀਆਂ ਲੋੜਾਂ ਵਾਸਤੇ ਤਆਿਰ ਕਰਨ ਲਈ ਕਈ ਸਫਿਾਰਸ਼ਾਂ ਵੀ ਹਨ।

ਇਸ ਅਧਆਿਇ ਵਿੱਚ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 39-45)** ਕਿ:

1. ਓਨਟਾਰਓਿ ਸਰਕਾਰ ਨਰਿਣੇਕਾਰਾਂ ਨੂੰ ਮਾਹਰਾਂ ਕੋਲੋਂ ਰਪਿੋਰਟਾਂ ਮੰਗਣ ਦੇ ਕਾਬਲ ਬਣਾ ਕੇ "ਸਭ ਤੋਂ ਘੱਟ ਸੀਮਤਿਕਾਰੀ ਵਕਿਲਪ" ਲਈ ਚਤਿਨ ਵਾਸਤੇ ਮੌਜੂਦਾ ਲੋੜਾਂ ਨੂੰ ਮਜ਼ਬੂਤ ਕਰੇ;
2. ਓਨਟਾਰਓਿ ਸਰਕਾਰ ਕਾਨੂੰਨੀ ਗਾਰਡੀਅਨਸ਼ਪਿ ਦੀ ਜਗ੍ਹਾ ਇੱਕ ਨਪਿਟਾਉਣ ਵਾਲੀ ਕਰਿਆਿ ਨੂੰ ਦੇਣ ਵਲ ਕੰਮ ਕਰਨ ਲਈ ਖੋਜ ਅਤੇ ਸਲਾਹ ਮਸ਼ਵਰੇ ਕਰੇ;
3. ਓਨਟਾਰਓਿ ਸਰਕਾਰ ਸੀਮਤਿ ਸਮੇਂ ਵਾਲੇ ਜਾਂ ਸਮੀਖਆਿ ਕੀਤੇ ਜਾ ਸਕਣ ਵਾਲੇ ਗਾਰਡੀਅਨਸ਼ਪਿ ਆਰਡਰ ਵਕਿਸਤ ਕਰੇ;

4. ਓਨਟਾਰਿਓ ਸਰਕਾਰ ਮੌਜੂਦਾ ਸੀਮਤਿ ਨਜਿੀ ਦੇਖਭਾਲ ਗਾਰਡੀਅਨਸ਼ਪਿਾਂ ਦੇ ਸਮਾਨੰਤਰ ਸੰਪਤੀ ਸੰਬੰਧੀ ਸੀਮਤਿ ਗਾਰਡੀਅਨਸ਼ਪਿਾਂ ਦੀ ਰਚਨਾ ਕਰੇ; ਅਤੇ
5. ਓਨਟਾਰਿਓ ਸਰਕਾਰ ਨਰਿਣੇਕਾਰਾਂ ਨੂੰ ਇੱਕ ਇਕੱਲਾ ਫੈਸਲਾ ਕਰਨ ਲਈ ਪ੍ਰਤੀਨਧਿੀ ਨਯਿੁਕਤ ਕਰਨ ਵਾਸਤੇ ਆਗਆਿ ਦੇਣ ਲਈ ਐਸਡੀਏ ਵਿੱਚ ਸ਼ੋਧ ਕਰੇ।

### ਅਧਆਿਇ 9: ਪੇਸ਼ੇਵਰਾਂ ਅਤੇ ਕਮਊਿਨਟਿੀ ਏਜੰਸੀਆਂ ਲਈ ਨਵੀਆਂ ਭੂਮਕਿਾਵਾਂ

ਵਰਤਮਾਨ ਸਮੇਂ ਤੇ, ਲਗਭਗ ਸਾਰੇ ਵਕਿਲਪਕਿ ਫੈਸਲੇ ਕਰਨ ਵਾਲੇ ਪਰਵਿਾਰ ਦੇ ਮੈਂਬਰ ਹੁੰਦੇ ਹਨ, ਪਬਲਕਿ ਗਾਰਡੀਅਨ ਐਂਡ ਟ੍ਰਸਟੀ ਦੁਆਰਾ ਇੱਕ ਅਹਮਿ ਭੂਮਕਿਾ ਨਭਿਾਏ ਜਾਣਾ ਜਥਿੇ ਪਰਵਿਾਰ ਦੇ ਮੈਂਬਰ ਕਾਰਵਾਈ ਨਹੀ ਕਰਦੇ। ਇਸ ਭੂਮਕਿਾ ਦੇ ਨਾਲ ਸੰਬੰਧਤ ਚੁਨੌਤੀਆਂ ਦੇ ਨਾਲ ਜਨ ਸੰਖਆਿ ਸੰਬੰਧੀ ਅਤੇ ਪਰਵਿਾਰ ਦੀਆਂ ਬਣਤਰਾਂ ਵੱਿਚ ਤਬਦੀਲੀਆਂ, ਇਸ ਪਹੁੰਚ ਨੂੰ ਵਧੇਰੇ ਕਮਜ਼ੋਰ ਬਣਾਉਂਦੀਆਂ ਹਨ। ਪੀਜੀਟੀ ਦੀ ਭੂਮਕਿਾ ਤੇ ਵੱਧਦੇ ਹੋਏ ਦਬਾਅ ਹਨ। ਐਲਸੀਓ ਸਟਾਫ ਨੇ "ਨਜਿੀ ਦੇਖਭਾਲ ਫਾਸਲੇ" ਬਾਰੇ ਬਹੁਤ ਸਾਰੀਆਂ ਚਤਿਾਵਾਂ ਸੁਣੀਆਂ, ਜਥਿੇ ਸਮਾਜਕ ਤੌਰ ਤੇ ਇਕੱਲੇ ਵਅਿਕਤੀ ਆਪਣੇ ਆਪ ਨੂੰ ਹੋਰ ਜਆਿਦਾ ਵਾਰੀ ਨਜਿੀ ਦੇਖਭਾਲ ਵਾਸਤੇ ਵਕਿਲਪਕਿ ਫੈਸਲੇ ਕਰਨ ਲਈ ਕਸਿੇ ਵੀ ਵਅਿਕਤੀ ਦੇ ਬਨਿਾਂ ਪਾਉਂਦੇ ਹਨ। ਅਜਹਿੀਆਂ ਚਤਿਾਵਾਂ ਹਨ ਕਿ ਅਨਯਿੰਤ੍ਰਤਿ ਮੁਨਾਫੇ ਲਈ ਵਕਿਲਪਕਿ ਫੈਸਲੇ ਕਰਨ ਵਾਲੇ ਇਸ ਫਾਸਲੇ ਨੂੰ ਪੂਰਾ ਕਰ ਰਹੇ ਹਨ।

ਅੰਤਮਿ ਰਪਿੋਰਟ ਅਜਹਿੇ ਸੁਧਾਰਾਂ ਦਾ ਪ੍ਰਸਤਾਵ ਰੱਖਦੀ ਹੈ ਜਹਿੜੇ ਵਅਿਕਤੀਆਂ ਨੂੰ ਜਆਿਦਾ ਚੋਣ ਮੁਹੱਈਆ ਕਰਦੇ ਹਨ, ਪੀਜੀਟੀ ਨੂੰ ਆਪਣੀ ਭੂਮਕਿਾ ਤੇ ਜਆਿਦਾ ਪ੍ਰਭਾਵਸ਼ਾਲੀ ਢੰਗ ਨਾਲ ਧਆਿਨ ਕੇਂਦਰਤਿ ਕਰਨ ਦੰਿਦੇ ਹਨ ਅਤੇ ਦੁਰਵਹਿਾਰ ਦੇ ਜੋਖਮਾਂ ਨੂੰ ਘਟਾਉਂਦੇ ਹਨ।

ਇਸ ਅਧਆਿਇ ਵੱਿਚ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 39-48)** ਕਿ:

1. ਪੇਸ਼ੇਵਰ ਵਕਿਲਪਕਿ ਫੈਸਲੇ ਕਰਨ ਵਾਲਆਿਂ ਲਈ ਲਾਇਸੰਸ ਕਰਨ ਵਾਲਾ ਇੱਕ ਸਮਰਪਤਿ ਅਤੇ ਨਯਿੰਤਰਕ ਸਸਿਟਮ ਸਥਾਪਤ ਕਰਨ ਵਲ ਕੰਮ ਕਰਨ ਵਾਸਤੇ ਹੋਰ ਖੋਜ ਅਤੇ ਸਲਾਹ ਮਸ਼ਵਰੇ ਕੀਤੇ ਜਾਣ;
2. ਰੋਜ਼ ਦੇ ਫੈਸਲੇ ਕਰਨ ਵਾਸਤੇ ਵਕਿਲਪਕਿ ਫੈਸਲੇ ਕਰਨ ਵਾਲੇ ਮੁਹੱਈਆ ਕਰਨ ਲਈ ਕਮਊਿਨਟਿੀ ਏਜੰਸੀਆਂ ਨੂੰ ਆਗਆਿ ਦੇਣ ਲਈ ਹੋਰ ਖੋਜ ਅਤੇ ਸਲਾਹ ਮਸ਼ਵਰੇ ਕੀਤੇ ਜਾਣ;
3. ਓਨਟਾਰਿਓ ਸਰਕਾਰ ਪੀਜੀਟੀ ਦੇ ਆਦੇਸ਼ ਪੱਤਰ ਦਾ ਧਆਿਨ ਉਨ੍ਹਾਂ ਲੋਕਾਂ ਜਨਿਾਂ ਕੋਲ ਉਚਤਿ ਵਕਿਲਪਾਂ ਤੱਕ ਪਹੁੰਚ ਪ੍ਰਾਪਤ ਨਹੀ ਹੈ ਲਈ ਉਸਦੇ ਮਾਹਰ, ਭਰੋਸੇਯੋਗ, ਪੇਸ਼ੇਵਰ ਵਕਿਲਪਕਿ ਫੈਸਲੇ ਕਰਨ ਵਾਲੇ ਮੁਹੱਈਆ ਕਰਨ ਤੇ ਕੇਂਦਰਤਿ ਕਰੇ ।

### ਅਧਆਿਇ 10: ਸੱਿਖਆਿ ਅਤੇ ਜਾਣਕਾਰੀ

ਹਸਿੇਦਾਰ ਸਹਮਿਤ ਹੋਏ ਕਿ ਸੁਧਰੀ ਹੋਈ ਸੱਿਖਆਿ ਅਤੇ ਹੱਕਾਂ ਅਤੇ ਜ਼ਮਿੇਵਾਰੀਆਂ ਬਾਰੇ ਜਾਣਕਾਰੀ ਤੱਕ ਪਹੁੰਚ ਇਸ ਖੇਤਰ ਵੱਿਚ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਾਸਤੇ ਮਹੱਤਵਪੂਰਨ ਹੈ। ਅੰਤਮਿ ਰਪਿੋਰਟ ਸਰਕਾਰ ਦੁਆਰਾ ਤਾਲਮੇਲ ਅਤੇ ਰਣਨੀਤਕ ਵਕਿਾਸ ਲਈ ਕੇਂਦਰੀ ਬੰਿਦੂ ਮੁਹੱਈਆ ਕਰਦੇ ਹੋਏ, ਕਾਨੂੰਨ ਦੇ ਇਸ ਖੇਤਰ ਦੇ ਨਾਲ ਪ੍ਰਸਪਰ ਪ੍ਰਭਾਵ ਪਾਉਣ ਵਾਲੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਵੱਿਚ ਸਹਭਿਾਗਤਾ ਅਤੇ ਸਹਯਿੋਗ ਤੇ ਜ਼ੋਰ ਪਾਉਂਦੀ ਹੈ।

ਇਸ ਅਧਆਿਇ ਵੱਿਚ, ਐਲਸੀਓ ਸਫਿਾਰਸ਼ ਕਰਦੀ ਹੈ, **(ਸਫਿਾਰਸ਼ਾਂ 49-58)** ਕਿ:

1. ਓਨਟਾਰਿਓ ਸਰਕਾਰ ਦੁਆਰਾ ਰਣਨੀਤੀਆਂ ਅਤੇ ਪ੍ਰਾਥਮਕਿਤਾਵਾਂ ਦੀ ਪਛਾਣ ਕਰਨ, ਪਹਲਿਾਂ ਦਾ ਤਾਲਮੇਲ ਅਤੇ ਵਕਿਾਸ ਕਰਨ, ਅਤੇ ਸਮੱਗਰੀਆਂ ਵਕਿਸਤ ਅਤੇ ਉਨ੍ਹਾਂ ਦੀ ਵਤਿਰਣ ਕਰਨ ਲਈ ਕਾਨੂੰਨੀ ਆਦੇਸ਼ ਪੱਤਰ ਧਾਰਨ ਕਰਨਾ, ਜਸਿ ਵੱਿਚ ਇੱਕ ਕੇਂਦਰੀ ਕਲੀਅਰਗਿਹਾਉਸ ਬਣਾਉਣ ਦੇ ਰਾਹੀ ਵੀ ਇਹ ਕਰਨਾ ਸ਼ਾਮਲ ਹੈ;
2. ਪੇਸ਼ੇਵਰ ਸੱਿਖਆਿ ਸੰਸਥਾਵਾਂ, ਪੇਸ਼ੇਵਰ ਨਯਿੰਤਰਕ ਇਕਾਈਆਂ ਅਤੇ ਮਨਸਿਟਰੀ ਆਫ ਹੈਲਥ ਐਂਡ ਲੌਂਗ ਟਰਮ ਕੇਅਰ ਦੀਆਂ ਮਜ਼ਬੂਤ ਕੀਤੀਆਂ ਭੂਮਕਿਾਵਾਂ;
3. ਅਸਮਰੱਥਾ ਦੀ ਖੋਜ ਦੀ ਸੂਰਤ ਵੱਿਚ ਵਕਿਲਪਕਿ ਫੈਸਲਾ ਕਰਨ ਵਾਲਆਿਂ ਨੂੰ ਜਾਣਕਾਰੀ ਮੁਹੱਈਆ ਕਰਨ ਬਾਰੇ ਸਹਿਤ ਪ੍ਰੈਕਟੀਸ਼ਨਰ ਦੀ ਡਊਿਟੀ ਦਾ ਸਪਸ਼ਟੀਕਰਨ;

4. ਐਸਡੀਏ ਹੇਠ ਨਰਿਣਾਇਕਾਂ ਦਾ ਸ਼ਕਤੀਕਰਣ ਤਾਂ ਕਿ ਉਹ ਵਕਿਲਪਕਿ ਫੈਸਲੇ ਕਰਨ ਵਾਲਿਆਂ ਨੂੰ ਹੁਕਮ ਦੇ ਸਕਣ ਕਿ ਉਹ ਆਪਣੀਆਂ ਡਊਿਟੀਆਂ ਦੇ ਖਾਸ ਪਹਲੂਿਆਂ ਬਾਰੇ ਸੱਖਿਆ ਪ੍ਰਾਪਤ ਕਰਨ।

**ਅਧਆਿਇ 11: ਪ੍ਰਾਥਮਕਿਤਾਵਾਂ ਅਤੇ ਟਾਇਮਲਾਇਨਾਂ**

ਅੰਤਮਿ ਰਪਿੋਰਟ ਦਾ ਅੰਤਮਿ ਅਧਆਿਇ ਸੁਧਾਰ ਲਈ ਪ੍ਰਾਥਮਕਿਤਾਵਾਂ ਦੀ ਪਛਾਣ ਕਰਨ ਦੇ ਨਾਲ ਨਾਲ, ਰਪਿੋਰਟ ਦੀਆਂ ਸਫਿਾਰਸ਼ਾਂ ਲਈ ਸਮੇਂ ਦੀਆ ਛੋਟੀਆਂ, ਦਰਮਆਿਨੀਆਂ ਅਤੇ ਲੰਮੀਆਂ ਅਵਧੀਆਂ ਵਾਸਤੇ ਲਾਗੂ ਕਰਨ ਦੀ ਯੋਜਨਾ ਦਾ ਵਰਣਨ ਕਰਦਾ ਹੈ।

## ਹੋਰ ਜਾਣਕਾਰੀ

ਪ੍ਰਾਜੈਕਟ ਦੀ ਅੰਤਮਿ ਰਪਿੋਰਟ, ਪਛਿੋਕੜ ਸੰਬੰਧੀ ਪੇਪਰਾਂ, ਅਤੇ ਦੂਸਰੇ ਮਹੱਤਵਪੂਰਨ ਦਸਤਾਵੇਜ਼ਾਂ ਸਮੇਤ ਇਸ ਪ੍ਰਾਜੈਕਟ ਬਾਰੇ ਹੋਰ ਜਾਣਕਾਰੀ www.lco-cdo.org ਤੇ ਐਲਸੀਓ ਦੀ ਵੈੱਬਸਾਇਟ ਤੇ ਉਪਲਬਧ ਹੈ। ਐਲਸੀਓ ਨਾਲ ਇਥੇ ਸੰਪਰਕ ਕੀਤਾ ਜਾ ਸਕਦਾ ਹੈ:

Law Commssion of Ontario
2032 Ignat Kaneff Building
Osgoode Hall Law School, York University
4700 Keele Street,
Toronto, Ontario, Canada
M3J 1P3

ਦੀ ਵੈੱਬਸਾਈਟ: www.lco-cdo.org
ਈਮੇਲ: lawcommission@lco-cdo.org
@LCO_CDO ਤੇ ਸਾਨੂੰ ਟਵਟਿਰ ਤੇ ਫੋਲੋ ਕਰੋ
ਟੇਲੀਫੋਨ: (416) 650-8406
ਚੁੰਗੀ ਮੁੱਕਤ: 1 (866) 950-8406
TTY: (416) 650-8082

Law Commssion of Ontario
2032 Ignat Kaneff Building
Osgoode Hall Law School, York University
4700 Keele Street,
Toronto, Ontario, Canada
M3J 1P3

ਦੀ ਵੈੱਬਸਾਈਟ: www.lco-cdo.org
ਈਮੇਲ: lawcommission@lco-cdo.org
@LCO_CDO ਤੇ ਸਾਨੂੰ ਟਵਟਿਰ ਤੇ ਫੌਲੌ ਕਰੋ
ਟੇਲੀਫੋਨ: (416) 650-8406
ਚੁੰਗੀ ਮੁੱਕਤ: 1 (866) 950-8406
TTY: (416) 650-8082

LCO
CDO

LAW COMMISSION OF ONTARIO
COMMISSION DU DROIT DE L'ONTARIO